# ੧ ਰਹਰਾਸਿ ਸੁਆਲ-ਜਵਾਬ

**1. ਰਹਰਾਸਿ ਦਾ ਅੱਖਰੀ ਅਰਥ ਕੀ ਹੈ ?**

ਰਹਰਾਸਿ ਦੋ ਸ਼ਬਦਾਂ ਨਾਲ ਬਣਿਆਂ ਹੈ ਰਹ + ਰਾਸਿ। 'ਰਹ' ਭਾਵ ਰਸਤਾ ਅਤੇ 'ਰਾਸਿ' ਭਾਵ ਪੂੰਜੀ। ਇਸੇ ਬਾਣੀ ਵਿੱਚ ਹੁਕਮ ਹੈ :

**ਗੁਰਮਤਿ ਨਾਮੁ ਮੇਰਾ ਪ੍ਰਾਨ ਸਖਾਈ**
**ਹਰਿ ਕੀਰਤਿ ਹਮਰੀ ਰਹਰਾਸਿ ॥**

ਭਾਵ ਹਰੀ ਦਾ ਨਾਮ ਮੇਰੀ ਜਿੰਦ ਦਾ ਸਾਥੀ ਹੈ ਅਤੇ ਪ੍ਰਮਾਤਮਾ ਦੇ ਨਾਮ ਦੀ ਕੀਰਤੀ ਹੀ ਸਾਡੇ ਜੀਵਨ ਦੇ ਰਾਹ ਦੀ ਪੂੰਜੀ ਹੈ। ਸੋ ਰਹਰਾਸਿ ਦਾ ਅਰਥ ਹੈ - ਰਸਤੇ ਦੀ ਪੂੰਜੀ।

**2. ਬਾਣੀ ਰਹਰਾਸਿ ਦਾ ਪਹਿਲਾ ਨਾਮ ਕੀ ਸੀ ?**

ਇਸ ਬਾਣੀ ਦਾ ਪਹਿਲਾ ਨਾਮ ਸੋਦਰੁ ਸੀ। ਪੁਰਾਣੇ ਇਤਿਹਾਸਿਕ ਹਵਾਲਿਆਂ ਵਿੱਚ ਸ਼ਾਮ ਦੇ ਸਮੇਂ ਨੂੰ ਸੋਦਰੁ ਪੜ੍ਹਨ ਦਾ ਹੀ ਹੁਕਮ ਮਿਲਦਾ ਹੈ, ਪਰ ਭਾਈ ਨੰਦ ਲਾਲ ਜੀ ਨੇ ਇਸ ਬਾਣੀ ਬਾਬਤ ਲਿਖਦਿਆਂ ਸੋਦਰੁ ਦੀ ਥਾਂ ਰਹਰਾਸਿ ਸ਼ਬਦ ਵਰਤਿਆ ਸੀ।

**'ਬਿਨ ਰਹਰਾਸਿ ਸਮਾਂ ਜੋ ਖੋਵੈ॥'**

ਇੰਝ ਸਹਿਜੇ ਸਹਿਜੇ ਇਸ ਬਾਣੀ ਦਾ ਨਾਮ ਰਹਰਾਸਿ ਪ੍ਰਚੱਲਿਤ ਹੋ ਗਿਆ।

**3. ਰਹਰਾਸਿ ਦੀ ਬਣਤਰ ਕੀ ਹੈ ?**

ਪੰਥ ਪ੍ਰਵਾਨਤ ਸਿੱਖ ਰਹਿਤ ਮਰਯਾਦਾ ਅਨੁਸਾਰ ਰਹਰਾਸਿ ਦੀ ਬਣਤਰ

ਇਉਂ ਹੈ :-

**ਸੋ ਦਰੁ ( 5 ਸ਼ਬਦ)**
**ਸੋ ਪੁਰਖੁ ( 4 ਸ਼ਬਦ)**
**ਚੌਪਈ ( ਹਮਰੀ ਕਰੋ... ਤੋਂ ਖੜਗ ਕੇਤ...... )**
**ਸਵੈਯਾ ( ਪਾਂਇ ਗਹੇ... )**
**ਦੋਹਰਾ (ਸਗਲ ਦੁਆਰ... )**
**ਅਨੰਦ ਸਾਹਿਬ ਦੀਆਂ (ਪਹਿਲੀਆਂ ਪੰਜ ਅਤੇ ਇੱਕ ਅਖੀਰਲੀ ਪਉੜੀ )**
**ਮੁੰਦਾਵਣੀ (ਥਾਲ ਵਿੱਚ...)**
**ਸਲੋਕ ਮਹਲਾ ੫ (ਤੇਰਾ ਕੀਤਾ ਜਾਤੋ ਨਾਹੀ...)**

**4. ਕੁਝ ਗੁਟਕਿਆਂ ਵਿੱਚ ਰਹਰਾਸਿ ਦਾ ਸਰੂਪ ਵੱਖਰਾ-ਵੱਖਰਾ ਮਿਲਦਾ ਹੈ, ਇੰਞ ਕਿਉਂ ?**

ਗੁਰੂ ਗੋਬਿੰਦ ਸਿੰਘ ਜੀ ਦੇ ਜੋਤੀ ਜੋਤਿ ਸਮਾਉਣ ਉਪਰੰਤ ਬਹੁਤ ਸਾਰਾ ਸਮਾਂ ਸਿੱਖਾਂ ਨੇ ਜੰਗਲਾਂ ਵਿੱਚ ਹੀ ਗੁਜ਼ਾਰਿਆ ਅਤੇ ਸਾਰਾ ਪੰਥ ਖੇਰੂ-ਖੇਰੂ ਹੋ ਗਿਆ। ਇਸ ਸਮੇਂ ਦੌਰਾਨ ਰਹਰਾਸਿ ਦੇ ਉੱਪਰ ਦੱਸੇ ਸਰੂਪ ਦੇ ਨਾਲ-ਨਾਲ, ਕੁੱਝ ਸੱਜਣਾਂ ਨੇ, ਜਿਹੜੇ ਸ਼ਬਦ ਕੰਠ ਸਨ ਉਹ ਸ਼ਬਦ ਬਾਣੀ ਦੇ ਆਰੰਭ ਵਿੱਚ ਤੇ ਅੰਤ ਵਿੱਚ ਪੜ੍ਹਨੇ ਸ਼ੁਰੂ ਕਰ ਦਿੱਤੇ। ਸਹਿਜੇ-ਸਹਿਜੇ ਵੱਖ-ਵੱਖ ਥਾਂਵਾਂ ਤੇ ਛਾਪਾਖਾਨਾ ਸ਼ੁਰੂ ਹੋਣ ਤੇ ਉਹੋ ਸਰੂਪ ਛਪਣ ਲੱਗ ਪਿਆ।

ਪਰ 1925 ਵਿੱਚ ਜਦੋਂ ਪੰਥ ਪ੍ਰਵਾਨਤ ਸਿੱਖ ਰਹਿਤ ਮਰਯਾਦਾ ਨੂੰ ਸਪੱਸ਼ਟ ਕਰਨ ਲਈ ਸ਼੍ਰੋਮਣੀ ਗੁਰੂਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਉਪਰਾਲੇ ਕੀਤੇ ਗਏ ਤਾਂ ਉੱਪਰ ਲਿਖੇ ਸਰੂਪ ਨੂੰ ਹੀ ਪ੍ਰਵਾਨ ਕੀਤਾ ਗਿਆ। ਸਾਨੂੰ ਸਭਨਾਂ ਨੂੰ ਸੰਗਤ ਰੂਪ ਵਿੱਚ ਇਸੇ ਹੀ ਸਰੂਪ ਦਾ ਪਾਠ ਕਰਨਾ ਚਾਹੀਦਾ





ਹੈ। ਹਾਂ, ਨਿੱਜੀ ਤੌਰ ਤੇ ਕੋਈ ਜਿੰਨੀ ਮਰਜ਼ੀ ਵੱਧ ਬਾਣੀ ਪੜ੍ਹ ਲਵੇ, ਜਿਹੜਾ ਮਰਜ਼ੀ ਸ਼ਬਦ ਪੜ੍ਹ ਲਵੇ, ਮੁਬਾਰਕ ਹੈ।

**5. ਰਹਰਾਸਿ ਦਾ ਇਹ ਸਰੂਪ ਕਿਉਂ ਨਿਯਤ ਕੀਤਾ ਗਿਆ ?**

ਰਹਰਾਸਿ ਦਾ ਉਪਰੋਕਤ ਸਰੂਪ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਅਨੁਸਾਰ ਹੀ ਹੈ। ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਆਰੰਭ ਵਿੱਚ ਪੰਨਾ ਨੰ: 1 ਤੋਂ 8 ਤੱਕ ਜਪੁ ਜੀ ਸਾਹਿਬ ਦਰਜ ਹੈ, ਉਪਰੰਤ ਨਾਲ ਹੀ ਸੋ ਦਰੁ ਦੇ ਪੰਜ ਸ਼ਬਦ ਤੇ ਸੋ ਪੁਰਖੁ ਦੇ ਚਾਰ ਸ਼ਬਦ ਦਰਜ ਹਨ। ਪੰਨਾ ਨੰ: 1 ਤੋਂ 13 ਤੱਕ ਨਿਤਨੇਮ ਦੀਆਂ ਬਾਣੀਆਂ ਹੀ ਦਰਜ ਹਨ ਅਤੇ ਪੰਨਾ ਨੰ: 14 ਤੋਂ 1357 ਤੱਕ 31 ਰਾਗਾਂ ਵਿੱਚ ਸ਼ਬਦ ਦਰਜ ਹਨ।

ਚੌਪਈ ਸਾਹਿਬ ਤੋਂ ਬਾਅਦ ਫਿਰ ਅਨੰਦ ਸਾਹਿਬ ਅਤੇ ਉਪਰੰਤ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਤੇ ਅੰਤ ਵਿੱਚ ਦਰਜ ਮੁੰਦਾਵਣੀ ਤੇ ਸਲੋਕ ਮਹਲਾ 5 ਦਰਜ ਕੀਤੇ ਹਨ।

**6. ਸੋ ਦਰੁ ਵਾਲਾ ਸ਼ਬਦ ਜਪੁ ਜੀ ਸਾਹਿਬ ਦੀ 27ਵੀਂ ਪਉੜੀ ਵਿੱਚ ਵੀ ਆਉਂਦਾ ਹੈ ਤੇ ਰਹਰਾਸਿ ਸਾਹਿਬ ਦਾ ਪਹਿਲਾ ਸ਼ਬਦ ਵੀ ਹੈ ਅਤੇ ਦੋਹਾਂ ਦੇ ਵੱਖ-ਵੱਖ ਅੰਤਰ ਵੀ ਹਨ। ਇੰਞ ਕਿਉਂ ?**

ਜਪੁ ਜੀ ਸਾਹਿਬ ਕਿਸੇ ਰਾਗ ਵਿੱਚ ਉਚਾਰਨ ਕੀਤੀ ਗਈ ਬਾਣੀ ਨਹੀਂ ਹੈ ਜਦਕਿ ਰਹਰਾਸਿ ਵਿੱਚ ਪੜ੍ਹਿਆ ਜਾਣ ਵਾਲਾ ਸੋ ਦਰੁ ਦਾ ਸ਼ਬਦ ਰਾਗ ਆਸਾ ਵਿੱਚ ਹੈ। ਇਸ ਲਈ ਦੋਹਾਂ ਸ਼ਬਦਾਂ ਦੀ ਬਣਤਰ ਵਿੱਚ ਕੁਝ-ਕੁਝ ਫਰਕ ਹੈ। ਕੁੱਲ ਮਿਲਾ ਕੇ ਭਾਵ-ਅਰਥ ਇੱਕੋ ਜਿਹੇ ਹੀ ਹਨ।

**7. ਰਹਰਾਸਿ ਦੇ ਪਹਿਲੇ ਸ਼ਬਦ ਸੋਦਰੁ ਅਨੁਸਾਰ ਕੌਣ-ਕੌਣ ਵਾਹਿਗੁਰੂ ਨੂੰ ਗਾ ਰਹੇ ਹਨ ?**

ਸਾਰੀ ਕੁਦਰਤ ਹੀ ਵਾਹਿਗੁਰੂ ਦੀ ਕੀਰਤੀ ਗਾ ਰਹੀ ਹੈ । ਜਿਵੇਂ ਕਿ :-

| | |
|---|---|
| ਪਵਣੁ | ਮਹਾਂਬਲੀ |
| ਪਾਣੀ | ਚਾਰੇ ਖਾਣੀਆਂ ਦੇ ਜੀਵ |
| ਬੈਸੰਤਰਿ (ਅੱਗ) | ਬ੍ਰਹਿਮੰਡ |
| ਚਿਤ੍ਰ ਗੁਪਤ | ਧਰਮ ਰਾਜ |
| ਸ਼ਿਵ | ਬ੍ਰਹਮਾ ਆਦਿਕ ਦੇਵਤੇ |
| ਕਈ ਇੰਦਰ ਦੇਵਤੇ | ਸਿੱਧ |
| ਜਤੀ, ਸੰਤੋਖੀ, ਪੰਡਿਤ, | ਸਤੀ |
| ਵੇਦ, ਯੋਧੇ, ਸੂਰਮੇ | ਵੀਰ ਕਰਾਰੇ (ਬਲਸ਼ਾਲੀ ਸੂਰਮੇ) |
| ਖੰਡ ਮੰਡਲ | ਵੱਡੇ ਵੱਡੇ ਰਿਖੀ |
| ਭਗਤ | ਸੁੰਦਰ ਇਸਤਰੀਆਂ |

ਗੱਲ ਕੀ, ਇਹ ਸੂਚੀ ਨਾ ਮੁੱਕਣ ਵਾਲੀ ਹੈ। ਹੋਰ ਕੌਣ ਕੌਣ ਵਾਹਿਗੁਰੂ ਨੂੰ ਗਾ ਰਿਹਾ ਹੈ ਇਸ ਬਾਰੇ ਦੱਸਣਾ ਸੰਭਵ ਨਹੀਂ ਹੈ।

**8. ਪਵਣੁ, ਪਾਣੀ ਤੇ ਅੱਗ ਵਾਹਿਗੁਰੂ ਨੂੰ ਗਾ ਰਹੇ ਹਨ, ਇਸ ਦਾ ਕੀ ਭਾਵ ਹੈ ?**

ਇਸ ਦਾ ਭਾਵ ਹੈ ਕਿ ਇਹ ਸਾਰੇ ਵਾਹਿਗੁਰੂ ਦੇ ਹੁਕਮ ਵਿੱਚ ਹੀ ਚੱਲ ਰਹੇ ਹਨ ਅਤੇ ਉਸ ਦਾ ਹੁਕਮ ਮਿੱਠਾ ਕਰ ਕੇ ਮੰਨ ਰਹੇ ਹਨ।

**9. 'ਜਾਇ ਨ ਜਾਸੀ' ਤੋਂ ਕੀ ਭਾਵ ਹੈ ?**

'ਜਾਇ' ਦਾ ਭਾਵ ਹੈ ਜੰਮਣਾ ਅਤੇ ਜਾਸੀ ਹੈ ਮਰਣਾ। ਸੋ ਸਮੁੱਚਾ ਅਰਥ ਹੈ ਕਿ ਵਾਹਿਗੁਰੂ ਨਾ ਜੰਮਦਾ ਹੈ ਤੇ ਨਾ ਮਰਦਾ ਹੈ।

**10. ਸੋ ਦਰੁ ਦੇ ਸਮੁੱਚੇ ਸ਼ਬਦ ਤੋਂ ਸਾਨੂੰ ਕੀ ਪ੍ਰੇਰਣਾ ਮਿਲਦੀ ਹੈ ?**

ਸੋ ਦਰੁ ਦੇ ਸਮੁੱਚੇ ਸ਼ਬਦ ਤੋਂ ਸਾਨੂੰ ਪ੍ਰੇਰਣਾ ਮਿਲਦੀ ਹੈ ਕਿ ਜੇ ਸਾਰੀ ਸ੍ਰਿਸ਼ਟੀ, ਖੰਡ ਬ੍ਰਹਿਮੰਡ, ਖਾਣੀਆਂ ਦੇ ਜੀਵ ਤੇ ਸਮੁੱਚੀ ਕਾਇਨਾਤ ਉਸ





ਅਕਾਲ ਪੁਰਖ ਨੂੰ ਗਾ ਰਹੀ ਹੈ ਭਾਵ ਉਸ ਦੀ ਰਜ਼ਾ ਵਿੱਚ ਤੁਰ ਰਹੀ ਹੈ ਤਾਂ ਐ ਮੇਰੇ ਮਨ! ਤੂੰ ਵੀ ਵਾਹਿਗੁਰੂ ਦੀ ਰਜ਼ਾ ਵਿੱਚ ਰਹਿ ਅਤੇ ਉਸ ਦਾ ਭਾਣਾ ਮਿੱਠਾ ਕਰਕੇ ਮੰਨ।

**11. ਸੋ ਦਰੁ ਸ਼ਬਦ ਦਾ ਠੀਕ ਉਚਾਰਨ ਕੀ ਹੈ ?**

'ਸੋ' ਅਤੇ 'ਦਰੁ' ਦੋ ਸ਼ਬਦ ਹਨ ਇਹਨਾਂ ਦੋਹਾਂ ਸ਼ਬਦਾਂ ਨੂੰ ਅਲੱਗ-ਅਲੱਗ ਉਚਾਰਨ ਕਰਨਾ ਚਾਹੀਦਾ ਹੈ ਜਿਵੇਂ ਸੋ ਦਰੁ।

**12. "ਤੇਰਾ ਕੇਤਾ ਕੇਵਡੁ ਚੀਰਾ" ਤੋਂ ਕੀ ਭਾਵ ਹੈ ?**

ਚੀਰਾ ਦਾ ਅਰਥ ਹੈ ਵਿਸਤਾਰ। ਪਾਤਸ਼ਾਹ ਦਾ ਫੁਰਮਾਨ ਹੈ ਕਿ ਕੋਈ ਵੀ ਜੀਵ ਇਹ ਨਹੀਂ ਜਾਣਦਾ ਕਿ ਅਕਾਲ ਪੁਰਖ ਦਾ ਕਿਤਨਾ ਵੱਡਾ ਵਿਸਤਾਰ ਹੈ। ਉਹ ਮਾਨੋ ਇੱਕ ਡੂੰਘਾ ਸਮੁੰਦਰ ਹੈ (ਗਹਿਰ), ਵੱਡੇ ਜਿਗਰੇ ਵਾਲਾ (ਗੰਭੀਰਾ) ਅਤੇ ਬੇਅੰਤ ਗੁਣਾਂ ਵਾਲਾ ਹੈ (ਗੁਣੀ ਗਹੀਰਾ)।

**13. "ਸਭਿ ਸੁਰਤੀ ਮਿਲਿ ਸੁਰਤਿ ਕਮਾਈ" ਦਾ ਕੀ ਭਾਵ ਹੈ ?**

ਪੁਰਾਣੇ ਸਮੇਂ ਵਿੱਚ ਸਿੱਧਾਂ ਤੇ ਜੋਗੀਆਂ ਅਤੇ ਹੋਰ ਮਨੁੱਖਾਂ ਵਿੱਚ ਇਹ ਬੜਾ ਚਾਅ ਹੁੰਦਾ ਸੀ ਕਿ ਉਹ ਵਾਹਿਗੁਰੂ ਦੀ ਸਮੁੱਚੀ ਕਾਇਨਾਤ ਦਾ ਅੰਤ ਲੱਭਣ, ਇਸ ਦਾ ਪਰਲਾ ਬੰਨ੍ਹਾ ਲੱਭਣ। ਇਸ ਲਈ ਅਨੇਕਾਂ ਸੁਰਤਿਆਂ ਭਾਵ ਜੋਗੀਆਂ ਨੇ ਸੁਰਤੀ ਜੋੜ ਕੇ ਧਿਆਨ ਜੋੜਨ ਦਾ ਯਤਨ ਕੀਤਾ, ਪਰ ਕੋਈ ਵੀ ਇਸ ਦੀ ਵਡਿਆਈ ਦਾ ਇੱਕ ਤਿਲ ਜਿੰਨਾ ਹਿੱਸਾ ਵੀ ਨਹੀਂ ਲੱਭ ਸਕਿਆ।

**14. "ਕਰਮਿ ਮਿਲੈ ਨਾਹੀ ਠਾਕਿ ਰਹਾਈਆ" ਤੋਂ ਕੀ ਭਾਵ ਹੈ ?**

ਕਰਮ ਦਾ ਭਾਵ ਹੈ ਬਖਸ਼ਿਸ਼, ਜਿਸ ਕਿਸੇ ਨੂੰ ਵਾਹਿਗੁਰੂ ਦੀ ਬਖਸ਼ਿਸ਼ ਹੋਈ ਹੈ, ਉਸ ਦੀਆਂ ਪ੍ਰਾਪਤੀਆਂ ਦੇ ਰਾਹ ਵਿੱਚ ਕੋਈ ਵੀ ਰੋਕ ਨਹੀਂ ਪਾ ਸਕਿਆ।

**15. ਮਨੁੱਖ ਦੀ ਆਤਮਿਕ ਮੌਤ ਕਦੋਂ ਹੁੰਦੀ ਹੈ ?**

ਜਿਉਂ ਜਿਉਂ ਮਨੁੱਖ ਪ੍ਰਮਾਤਮਾ ਦਾ ਨਾਮ ਸਿਮਰਦਾ ਹੈ, ਤਿਉਂ ਤਿਉਂ ਉਸ ਦੇ ਅੰਦਰ ਜੀਵਨ ਪੈਦਾ ਹੁੰਦਾ ਹੈ (**ਆਖਾ ਜੀਵਾ**) ਪਰ ਜਦੋਂ ਉਸ ਨੂੰ ਪ੍ਰਮਾਤਮਾ ਦਾ ਨਾਮ ਭੁੱਲ ਜਾਂਦਾ ਹੈ ਤਾਂ ਉਸ ਦੀ ਆਤਮਿਕ ਮੌਤ ਹੋ ਜਾਂਦੀ ਹੈ (**ਵਿਸਰੈ ਮਰਿ ਜਾਉ॥**)।

ਪਰ ਕਿੰਨੀ ਹੈਰਾਨੀ ਦੀ ਗੱਲ ਹੈ ਕਿ ਇੰਝ ਜਾਣਦਿਆਂ ਹੋਇਆਂ ਵੀ ਮਨੁੱਖ ਨੂੰ ਪ੍ਰਮਾਤਮਾ ਦਾ ਸਿਮਰਨ ਕਰਨਾ ਔਖਾ ਲੱਗਦਾ ਹੈ (**ਆਖਣ ਅਉਖਾ ਸਾਚਾ ਨਾਉ॥**)।

**16. ਵਾਹਿਗੁਰੂ ਦੇ ਨਾਮ ਦੀ ਭੁੱਖ ਪੈਦਾ ਹੋਣ ਨਾਲ ਕੀ ਹੁੰਦਾ ਹੈ ?**

ਜੀਵਨ ਦੇ ਬਿਖੜੇ ਪੈਂਡਿਆਂ ਤੇ ਚੱਲਦਿਆਂ ਜਦੋਂ ਮਨੁੱਖ ਹਰ ਵੇਲੇ ਪ੍ਰਮਾਤਮਾ ਦੀ ਰਜ਼ਾ ਵਿੱਚ ਰਹਿਣ ਦਾ ਯਤਨ ਕਰਦਾ ਹੈ ਤਾਂ ਉਹਦੇ ਅੰਦਰ ਸੱਚੇ ਪ੍ਰਭੂ ਦੇ ਨਾਮ ਸਿਮਰਨ ਦੀ ਤਾਂਘ ਪੈਦਾ ਹੁੰਦੀ ਹੈ (**ਸਾਚੇ ਨਾਮ ਕੀ ਲਾਗੈ ਭੂਖ**) ਅਤੇ ਇਸ ਤਾਂਘ ਜਾਂ ਭੁੱਖ ਨਾਲ ਹਰੀ ਨਾਮ ਦਾ ਭੋਜਨ ਖਾ ਕੇ ਮਨੁੱਖ ਦੇ ਸਾਰੇ ਦੁੱਖ ਦੂਰ ਹੋ ਜਾਂਦੇ ਹਨ (**ਉਤ ਭੂਖੈ ਖਾਇ ਚਲੀਅਹਿ ਦੂਖ॥**)।

**17. ਕੀ ਵਾਹਿਗੁਰੂ ਨੂੰ ਆਪਣੀ ਉਸਤਤਿ ਕਰਾਉਣ ਦਾ ਲਾਲਚ ਹੈ ?**

ਨਹੀਂ, ਜੇ ਜਗਤ ਦੇ ਸਾਰੇ ਜੀਵ ਰਲ ਕੇ ਵੀ ਵਾਹਿਗੁਰੂ ਦੀਆਂ ਵਡਿਆਈਆਂ ਬਿਆਨ ਕਰਨ ਦਾ ਯਤਨ ਕਰਨ (**ਜੇ ਸਭਿ ਮਿਲਿ ਕੈ ਆਖਣਿ ਪਾਹਿ**), ਤਾਂ ਵੀ ਉਹ ਪ੍ਰਭੂ ਆਪਣੇ ਅਸਲ ਨਾਲੋਂ ਵੱਡਾ ਨਹੀਂ ਹੋ ਜਾਂਦਾ ਤੇ ਨਾ ਹੀ ਵਡਿਆਈ ਨਾ ਹੋਣ ਕਰਕੇ ਛੋਟਾ ਹੁੰਦਾ ਹੈ। (**ਵਡਾ ਨ ਹੋਵੈ ਘਾਟਿ ਨ ਜਾਇ**)। ਉਸ ਪ੍ਰਮਾਤਮਾ ਨੂੰ ਆਪਣੀ ਸੋਭਾ ਦਾ ਕੋਈ ਲਾਲਚ ਨਹੀਂ ਹੈ।





**18. ਕੀ ਵਾਹਿਗੁਰੂ ਵਰਗਾ ਕੋਈ ਹੋਰ ਹੈ ਜਾਂ ਹੋਵੇਗਾ ?**

ਨਹੀਂ, ਵਾਹਿਗੁਰੂ ਦੀ ਵੱਡੀ ਖੂਬੀ ਇਹ ਹੈ ਕਿ ਉਸ ਵਰਗਾ ਹੋਰ ਕੋਈ ਨਹੀਂ (**ਗੁਣੁ ਏਹੋ ਹੋਰੁ ਨਾਹੀ ਕੋਇ**) ਇਸ ਵਰਗਾ ਅੱਜ ਤੱਕ ਨਾ ਕੋਈ ਹੋਇਆ ਹੈ ਅਤੇ ਨਾ ਕੋਈ ਹੋਵੇਗਾ (**ਨ ਕੋ ਹੋਆ ਨਾ ਕੋ ਹੋਇ**)।

**19. ਰਹਰਾਸਿ ਦੀ ਬਾਣੀ ਅਨੁਸਾਰ ਨੀਵੀਂ ਜਾਤਿ ਵਾਲੇ ਮਨੁੱਖ ਕੌਣ ਹਨ ?**

ਨੀਵੀਂ ਜਾਤਿ ਵਾਲੇ ਉਹ ਮਨੁੱਖ ਹਨ, ਜਿਹੜੇ ਆਪਣੇ ਖਸਮ ਪ੍ਰਭੂ ਨੂੰ ਭੁਲਾ ਦਿੰਦੇ ਹਨ। (**ਖਸਮੁ ਵਿਸਾਰਹਿ ਤੇ ਕਮਜਾਤਿ**) ਅਤੇ ਅਜਿਹੀ ਨੀਵੀਂ ਜਾਤਿ ਵਾਲੇ ਨਾਮ ਤੋਂ ਖੁੰਝੇ ਹੋਏ ਜੀਵ ਹੀ ਨੀਚ ਹਨ (**ਨਾਨਕ ਨਾਵੈ ਬਾਝੁ ਸਨਾਤਿ॥**)

**20. 'ਪਰਗਾਸਿ' ਦਾ ਕੀ ਭਾਵ ਹੈ ?**

'ਪਰਗਾਸਿ' ਦਾ ਭਾਵ ਹੈ ਪ੍ਰਗਟ ਹੋਣਾ, ਚਾਨਣ ਹੋਣਾ। ਬਾਣੀ ਰਹਰਾਸਿ ਦੇ ਰਾਗ ਗੂਜਰੀ ਦੇ ਇਸ ਸ਼ਬਦ ਵਿੱਚ ਚੌਥੇ ਪਾਤਸ਼ਾਹ ਸ੍ਰੀ ਗੁਰੂ ਰਾਮਦਾਸ ਜੀ ਦੇ ਇਸ ਸ਼ਬਦ ਵਿੱਚ 4 ਵਾਰੀ ਪਰਗਾਸਿ ਸ਼ਬਦ ਆਇਆ ਹੈ।

1. **ਕਰ ਦਇਆ ਨਾਮ ਪਰਗਾਸਿ...**
2. **ਮੋ ਕਉ ਰਾਮ ਨਾਮ ਪਰਗਾਸਿ...**
3. **ਮਿਲਿ ਸੰਗਤਿ ਗੁਣ ਪਰਗਾਸਿ...**
4. **ਮਿਲ ਜਨੁ ਨਾਨਕ ਨਾਮ ਪਰਗਾਸਿ...**

**21. ਸਾਡੇ ਅੰਦਰ ਨਾਮ ਦਾ 'ਪਰਗਾਸਿ' ਕਿਉਂ ਨਹੀਂ ਹੁੰਦਾ, ਭਾਵੇਂ ਅਸੀਂ ਹਰ ਰੋਜ਼ ਰਹਰਾਸਿ ਸਾਹਿਬ ਦਾ ਪਾਠ ਕਰਦੇ ਹਾਂ ?**

ਅਸਲ ਵਿੱਚ ਪਾਠ ਕਰਦਿਆਂ ਸਾਨੂੰ ਪਤਾ ਹੀ ਨਹੀਂ ਹੁੰਦਾ ਕਿ ਅਸੀਂ ਕੀ ਪੜ੍ਹ ਰਹੇ ਹਾਂ ? ਜੇ ਸੱਚਮੁੱਚ ਅੰਦਰੋਂ ਤਰਲਾ ਨਿਕਲੇ, ਹੇ ਹਰੀ ਦੇ ਜਨੁ, ਹੇ ਸਤਿਗੁਰੂ, ਹੇ ਗੁਰੂ ਜੀ, ਹੇ ਮਹਾਂਪੁਰਖ ਜੀ ਮੈਂ ਤੁਹਾਡੇ ਅੱਗੇ ਬੇਨਤੀ

ਕਰਦਾਂ ਹਾਂ, ਦਇਆ ਕਰੋ ਮੇਰੇ ਅੰਦਰ ਨਾਮ ਦਾ ਚਾਨਣ ਬਖਸ਼ੋ, ਤਾਂ ਅਵੱਸ਼ ਬਖਸ਼ਿਸ਼ ਹੋਵੇਗੀ। ਪਰ ਜੇ ਨਿਰਾ ਪੜ੍ਹਨ ਤੇ ਕਾਰਵਾਈ ਪੂਰੀ ਕਰਨ ਦਾ ਸੁਭਾਅ ਹੋਵੇਗਾ ਤਾਂ ਪਰਗਾਸਿ ਕਿੱਥੋਂ ਹੋਣਾ ਹੈ?

**22. ਸਾਡੇ ਪ੍ਰਾਣਾਂ ਦਾ ਆਸਰਾ ਕੌਣ ਹੈ ਤੇ ਸਾਡੇ ਜੀਵਨ-ਰਾਹ ਦੀ ਪੂੰਜੀ ਕਿਹੜੀ ਹੈ ?**

ਪ੍ਰਭੂ ਦਾ ਨਾਮ ਹੀ ਸਾਡੀ ਜਿੰਦ ਦਾ ਆਸਰਾ ਹੈ (**ਗੁਰਮਤਿ ਨਾਮ ਮੇਰਾ ਪ੍ਰਾਨ ਸਖਾਈ**) ਤੇ ਪ੍ਰਭੂ ਦੀ ਸਿਫਤਿ ਸਾਲਾਹ ਹੀ ਸਾਡੇ ਜੀਵਨ-ਸਫ਼ਰ ਦੀ ਰਾਸ-ਪੂੰਜੀ ਹੈ (**ਹਰਿ ਕੀਰਤਿ ਹਮਰੀ ਰਹਰਾਸਿ ॥ ਰਹਾਉ ॥**)।

**23. ਕਿਹੜੇ ਮਨੁੱਖਾਂ ਦੇ ਵੱਡੇ ਭਾਗ ਹਨ ?**

ਜਿਨ੍ਹਾਂ ਦੇ ਮਨ ਵਿੱਚ ਪ੍ਰਭੂ ਦੀ ਭਗਤੀ, ਪ੍ਰੇਮ ਭਾਵਨਾਂ ਤੇ ਪਿਆਸ ਹੈ, ਖਿੱਚ ਹੈ, ਉਨ੍ਹਾਂ ਦੇ ਵੱਡੇ ਭਾਗ ਹਨ (**ਹਰਿ ਜਨ ਕੇ ਵਡ ਭਾਗ ਵਡੇਰੇ ਜਿਨ ਹਰਿ ਹਰਿ ਸਰਧਾ ਹਰਿ ਪਿਆਸ॥**)।

**24. ਕਿਹੜੇ ਮਨੁੱਖਾਂ ਦੇ ਮੰਦੇ ਭਾਗ ਹਨ ?**

ਜਿਨ੍ਹਾਂ ਨੂੰ ਚੰਗੀ ਸੰਗਤ ਨਹੀਂ ਮਿਲੀ, ਜਿਨ੍ਹਾਂ ਦੇ ਮਨ ਵਿੱਚ ਪ੍ਰਭੂ-ਪ੍ਰੇਮ ਨਹੀਂ ਆਇਆ ਉਹ ਬਦ-ਕਿਸਮਤ ਹਨ। ਉਨ੍ਹਾਂ ਦਾ ਜੀਵਨ ਵੀ ਫਿਟਕਾਰ ਯੋਗ ਹੈ (**ਜਿਨ ਹਰਿ ਹਰਿ ਹਰਿ ਰਸੁ ਨਾਮੁ ਨ ਪਾਇਆ ਤੇ ਭਾਗਹੀਣ ਜਮ ਪਾਸਿ॥**)।

**25. ਚੰਗੀ ਸੰਗਤ ਮਿਲਣ ਨਾਲ ਕੀ ਹੁੰਦਾ ਹੈ ?**

ਚੰਗੀ ਸੰਗਤ ਮਿਲਣ ਨਾਲ ਮਨੁੱਖ ਦੇ ਅੰਦਰ ਲੁਕੇ ਹੋਏ ਗੁਣ ਵੀ ਪ੍ਰਗਟ ਹੋ ਜਾਂਦੇ ਹਨ, ਉਹਨਾਂ ਦੇ ਅੰਦਰ ਭਲੇ ਗੁਣ ਪੈਦਾ ਹੁੰਦੇ ਹਨ (**ਮਿਲਿ ਸੰਗਤਿ ਗੁਣ ਪਰਗਾਸਿ॥**)।

**26. 'ਹਰਿ ਰਸੁ' ਕਿੱਥੋਂ ਮਿਲਦਾ ਹੈ ?**





'ਹਰਿ ਰਸੁ' ਸੰਗਤ ਵਿੱਚੋਂ ਹੀ ਮਿਲ ਸਕਦਾ ਹੈ। (**ਧਨੁ ਧੰਨੁ ਸਤਸੰਗਤਿ ਜਿਤੁ ਹਰਿ ਰਸੁ ਪਾਇਆ ਮਿਲਿ ਜਨ ਨਾਨਕ ਨਾਮੁ ਪਰਗਾਸਿ॥**)।

**27. 'ਉਦਮ' ਅਤੇ 'ਚਿਤਵਹਿ ਉਦਮ' ਵਿੱਚ ਕੀ ਅੰਤਰ ਹੈ ?**

'ਉਦਮ' ਦਾ ਭਾਵ ਹੈ ਮਿਹਨਤ ਪਰ 'ਚਿਤਵਹਿ ਉਦਮ' ਦਾ ਭਾਵ ਹੈ ਮਿਹਨਤ ਨਾ ਕਰਨੀ ਸਗੋਂ ਸੋਚੀ ਜਾਣਾ, ਚਿਤਵੀ ਜਾਣਾ, ਇਹ ਕਰ ਲਈਏ... ਐਓ ਕਰ ਲਈਏ... ਭਾਵ ਸੋਚਾਂ-ਫਿਕਰਾਂ ਵਿੱਚ ਹੀ ਰਹੀ ਜਾਣਾ। ਉੱਦਮ ਕਰਨਾ ਮੁਬਾਰਕ ਹੈ ਪਰ ਉੱਦਮ ਕੀਤੇ ਬਿਨਾਂ ਕੇਵਲ ਸੋਚੀ ਜਾਣਾ, ਚਿੰਤਾ ਕਰੀ ਜਾਣਾ-ਵਿਅਰਥ ਹੈ।

**28. ਕਿਹੜੇ ਮਨੁੱਖ ਇਸ ਚਿੰਤਾ-ਸੋਚਾਂ-ਫਿਕਰਾਂ ਤੋਂ ਬਚ ਸਕਦੇ ਹਨ ?**

ਜਿਹਨਾਂ ਨੂੰ ਚੰਗੀ ਸੰਗਤ ਮਿਲ ਜਾਂਦੀ ਹੈ, ਉਹ ਇਹਨਾਂ ਤੋਂ ਬਚ ਜਾਂਦੇ ਹਨ। (**ਸਤਸੰਗਤਿ ਮਿਲੇ ਸੁ ਤਰਿਆ॥**)

**29. ਪਰਮਪਦ ਦਾ ਕੀ ਭਾਵ ਹੈ ?**

ਪਦ ਦਾ ਭਾਵ ਹੈ ਅਹੁਦਾ, ਅਵੱਸਥਾ। ਦੁਨਿਆਵੀ ਤੌਰ ਤੇ ਅਸੀਂ ਸਾਰੇ ਉੱਚਾ ਅਹੁਦਾ ਜਾਂ ਉੱਚੀ ਅਵੱਸਥਾ ਲੈਣਾ ਲੋਚਦੇ ਹਾਂ। ਪਰਮ ਦਾ ਭਾਵ ਹੈ ਸਭ ਤੋਂ ਉੱਚੀ। ਸੋ ਪਰਮਪਦ ਦਾ ਭਾਵ ਹੈ ਸਭ ਤੋਂ ਉੱਚੀ ਅਵੱਸਥਾ।

**30. ਇਹ ਪਰਮਪਦ ਕਿਵੇਂ ਮਿਲ ਸਕਦਾ ਹੈ ?**

ਇਹ ਪਰਮਪਦ ਕੇਵਲ ਤੇ ਕੇਵਲ ਗੁਰੂ ਦੀ ਕਿਰਪਾ ਨਾਲ ਹੀ, ਗੁਰੂ ਦੇ ਪਰਸਾਦਿ ਨਾਲ ਹੀ ਮਿਲ ਸਕਦਾ ਹੈ। (**ਗੁਰਪਰਸਾਦਿ ਪਰਮ ਪਦੁ ਪਾਇਆ**)।

**31. 'ਸੂਕੇ ਕਾਸਟ ਹਰਿਆ' ਦਾ ਕੀ ਭਾਵ ਹੈ ?**

ਭਾਰਤ ਵਿੱਚ ਭਰ ਸਰਦੀਆਂ ਤੋਂ ਬਾਅਦ ਪਤਝੜ ਦਾ ਮੌਸਮ ਆਉਂਦਾ ਹੈ ਜਦ ਦਰੱਖਤਾਂ ਦੇ ਸਾਰੇ ਪੱਤੇ ਝੜ ਜਾਂਦੇ ਹਨ। ਕਈ ਦਰੱਖਤ ਤਾਂ ਸੁੱਕ ਕੇ

ਐਨ ਲੱਕੜ ਹੋ ਜਾਂਦੇ ਹਨ। ਐਂਓ ਜਾਪਦੈ ਕਿ ਇਹ ਹੁਣ ਕਦੇ ਵੀ ਹਰੇ-ਭਰੇ ਨਹੀਂ ਹੋਣਗੇ। ਪਰ ਜਦ ਮੌਸਮ ਬਦਲਦਾ ਹੈ, ਦਰੱਖਤਾਂ ਨੂੰ ਚੰਗੀ ਸੰਗਤ (ਭਾਵ ਠੀਕ ਧੁੱਪ, ਪਾਣੀ, ਹਵਾ...) ਮਿਲਦੀ ਹੈ, ਉਹ ਸੁੱਕੇ ਪੇੜ ਵੀ ਹਰੇ ਹੋ ਜਾਂਦੇ ਹਨ।

ਇਸੇ ਤਰ੍ਹਾਂ ਵਿਕਾਰਾਂ ਵਿੱਚ ਫਸੇ ਜੀਵ ਪੂਰੀ ਤਰ੍ਹਾਂ ਸੁੱਕੀ ਲੱਕੜ ਵਾਂਗ ਹੁੰਦੇ ਹਨ ਪਰ ਸੰਗਤ ਅਤੇ ਗੁਰੂ ਦੀ ਕ੍ਰਿਪਾ ਮਿਲਦਿਆਂ ਹੀ ਇਹਨਾਂ ਦਾ ਤਨ-ਮਨ ਹਰਿਆ ਹੋ ਜਾਂਦਾ ਹੈ।

**32. ਕੀ ਸਿਮਰਨ ਕਰਨ ਵਾਲੇ ਨੂੰ ਸਾਰੇ ਖਜ਼ਾਨੇ ਤੇ ਸਿੱਧੀਆਂ ਮਿਲ ਜਾਂਦੀਆਂ ਹਨ ?**

ਸਿਮਰਨ ਕਰਨ ਵਾਲੇ ਦੀਆਂ ਹੱਥਾਂ ਦੀਆਂ ਤਲੀਆਂ ਤੇ ਮਾਨੋ ਸਾਰੇ ਖਜ਼ਾਨੇ ਤੇ 18 ਸਿੱਧੀਆਂ ਆ ਜਾਂਦੀਆਂ ਹਨ ਭਾਵ ਉਸ ਨੂੰ ਤਾਂ ਇਹ ਸਭ ਕੁੱਝ ਸਹਿਜੇ ਹੀ ਮਿਲ ਜਾਂਦਾ ਹੈ।

**33. ਪ੍ਰਭੂ ਦੇ ਵਿਡਾਣੇ ਚੋਜ (ਅਚਰਜ ਤਮਾਸ਼ੇ) ਕਿਹੜੇ ਹਨ ?**

ਪ੍ਰਭੂ ਆਪ ਹੀ ਠਾਕੁਰ ਹੈ ਤੇ ਆਪ ਹੀ ਸੇਵਕ ਹੈ। ਉਸ ਨੇ ਆਪਣੀ ਰਜ਼ਾ ਵਿੱਚ ਕਈ ਜੀਵਾਂ ਨੂੰ ਦਾਨੀ ਬਣਾਇਆ ਹੈ ਤੇ ਕਈਆਂ ਨੂੰ ਮੰਗਤੇ - ਇਹ ਉਸ ਦੇ ਵਿਡਾਣੇ ਚੋਜ ਹਨ।

**34. ਕਿਹੜੇ ਮਨੁੱਖਾਂ ਦਾ ਸਾਰਾ ਭਉ, ਸਾਰਾ ਡਰ ਦੂਰ ਹੋ ਜਾਂਦਾ ਹੈ ?**

ਜੋ ਨਿਰਭਉ ਨੂੰ ਜਪਦੇ ਹਨ ਉਹਨਾਂ ਦਾ ਸਾਰਾ ਡਰ ਦੂਰ ਹੋ ਜਾਂਦਾ ਹੈ ਤੇ ਉਹ ਵੀ ਨਿਰਭਉ ਹੀ ਬਣ ਜਾਂਦੇ ਹਨ। (**ਜਿਨ ਨਿਰਭਉ ਜਿਨ ਹਰਿ ਨਿਰਭਉ ਧਿਆਇਆ ਜੀ ਤਿਨ ਕਾ ਭਉ ਸਭੁ ਗਵਾਸੀ॥**)।

**35. ਭਗਤੀ ਤਾਂ ਬਹੁਤ ਸਾਰੇ ਲੋਕ ਕਰਦੇ ਹਨ ਪਰ ਕਿਹੜੇ ਭਗਤ, ਭਲੇ ਹਨ ?**





ਕੇਵਲ ਉਹੀ ਭਗਤ ਭਲੇ ਹਨ ਜੋ ਪ੍ਰਭੂ ਨੂੰ ਪਿਆਰੇ ਲੱਗਦੇ ਹਨ। (**ਸੇ ਭਗਤ ਸੇ ਭਗਤ ਭਲੇ ਜਨ ਨਾਨਕ ਜੀ ਜੋ ਭਾਵਹਿ ਮੇਰੇ ਹਰਿ ਭਗਵੰਤਾ॥**)।

**36. 'ਸਿਰਜਿ ਸਭ ਗੋਈ' ਦਾ ਕੀ ਭਾਵ ਹੈ ?**

ਸਿਰਜਿ ਹੈ ਸਿਰਜਣਾ, ਬਣਾਉਣਾ ਤੇ ਗੋਈ ਹੈ ਨਾਸ਼ ਕਰਨਾ, ਮਿਟਾਉਣਾ। ਪਰਮਾਤਮਾ ਆਪ ਹੀ ਸ੍ਰਿਸ਼ਟੀ ਦੀ ਸਾਜਨਾ ਕਰਦਾ ਹੈ ਤੇ ਆਪ ਹੀ ਇਸ ਦਾ ਨਾਸ਼ ਕਰਦਾ ਹੈ।

**37. 'ਗੁਰਮੁਖਿ ਲਾਧਾ ਮਨਮੁਖਿ ਗਵਾਇਆ'- ਗੁਰਮੁਖਾਂ ਨੂੰ ਕੀ ਲੱਭਦਾ ਹੈ ਤੇ ਮਨਮੁਖ ਕੀ ਗਵਾ ਲੈਂਦੇ ਹਨ ?**

ਨਾਮ ਰਤਨ। ਜਿਸ ਨੂੰ ਪ੍ਰਭੂ ਕਿਰਪਾ ਕਰਦਾ ਹੈ ਉਸਨੂੰ ਰਤਨ ਵਰਗਾ ਕੀਮਤੀ ਨਾਮ ਪਰਾਪਤ ਹੁੰਦਾ ਹੈ (**ਜਿਸ ਨੋ ਕ੍ਰਿਪਾ ਕਰਹਿ ਤਿਨਿ ਨਾਮ ਰਤਨੁ ਪਾਇਆ ॥**) ਪਰ ਗੁਰਮੁਖ ਇਸ ਨੂੰ ਸਾਂਭ ਕੇ ਰੱਖ ਲੈਂਦੇ ਹਨ ਤੇ ਮਨ ਦੇ ਪਿੱਛੇ ਤੁਰਿਆਂ ਇਹ ਰਤਨ ਗਵਾਚ ਜਾਂਦਾ ਹੈ।

**38. ਜਿਸ ਨੂੰ ਪ੍ਰਭੂ ਦੇ ਨਾਮ ਦੀ ਸੂਝ ਮਿਲਦੀ ਹੈ, ਉਹ ਕੀ ਕਰਦਾ ਹੈ ?**

ਜਿਸਨੂੰ ਪ੍ਰਭੂ ਆਪ ਸੂਝ ਬਖਸ਼ਦਾ ਹੈ ਉਹੀ ਜੀਵਨ ਰਾਹ ਨੂੰ ਸਮਝਦਾ ਹੈ ਤੇ ਫੇਰ ਅਜਿਹਾ ਮਨੁੱਖ ਸਦਾ ਹਰੀ ਦੇ ਗੁਣ ਗਾਂਦਾ ਹੈ ਤੇ ਹੋਰਨਾਂ ਨੂੰ ਵੀ ਸਦਾ ਉਚਾਰ ਉਚਾਰ ਕੇ ਸੁਣਾਂਦਾ ਹੈ (**ਹਰਿ ਗੁਣ ਸਦ ਹੀ ਆਖਿ ਵਖਾਣੈ॥**)।

**39. ਸਰਵਰ ਭਾਵ ਸਰੋਵਰ ਪਰ 'ਸਰਵਰੜੈ' ਦਾ ਕੀ ਭਾਵ ਹੈ ?**

ਸਰਵਰੜੈ ਦਾ ਭਾਵ ਹੈ ਭਿਆਨਕ ਸਰੋਵਰ ਜਾਂ ਤਲਾਬ। ਸੰਸਾਰ ਨੂੰ ਇੱਕ ਭਿਆਨਕ ਸਰੋਵਰ ਦੀ ਤੁਲਨਾ ਦਿੱਤੀ ਗਈ ਹੈ ਜਿਸ ਸਰੋਵਰ ਵਿੱਚ ਪਾਣੀ ਦੀ ਥਾਂ, ਮਾਨੋ ਤ੍ਰਿਸ਼ਨਾ ਦੀ ਅੱਗ ਹੈ।

**40. 'ਪਗੁ ਨਹੀ ਚਾਲੈ' ਭਾਵ ਪੈਰ ਨਹੀਂ ਚੱਲਦਾ-ਕਿਉਂ ?**

ਸੰਪੂਰਨ ਹੁਕਮ ਹੈ -: **(ਪੰਕਜੁ ਮੋਹ ਪਗੁ ਨਹੀ ਚਾਲੈ॥)**

ਪੰਕ ਦਾ ਭਾਵ ਹੈ ਚਿੱਕੜ। ਕਾਹਦਾ ਚਿੱਕੜ ? ਮੋਹ ਦਾ ਚਿੱਕੜ। ਮਨੁੱਖ ਚਿੱਕੜ ਵਿੱਚ ਚੱਲ ਨਹੀਂ ਸਕਦਾ। ਕਿਉਂਕਿ ਜਦ ਉਹ ਚੱਲਣ ਲਈ ਪੈਰ ਨਾਲ ਧਰਤੀ ਨੂੰ ਪਿੱਛੇ ਧੱਕਾ ਦਿੰਦਾ ਹੈ ਤਾਂ ਧਰਤੀ ਉਸ ਨੂੰ ਅੱਗੇ ਧੱਕਣ ਦੀ ਥਾਂ ਆਪ ਪਿੱਛੇ ਹੋ ਜਾਂਦੀ ਹੈ। ਕਿਉਂਕਿ ਚਿੱਕੜ ਹੈ, ਧਰਤੀ ਸਖਤ ਨਹੀਂ ਹੈ ।

ਯਾਦ ਰੱਖੀਏ, ਚਿੱਕੜ ਵਿੱਚ ਫਸੇ ਮਨੁੱਖ ਨੂੰ ਕਦੇ ਵੀ ਆਪ ਨਿਕਲਣ ਦੀ ਕੋਸ਼ਿਸ਼ ਨਹੀਂ ਕਰਨੀ ਚਾਹੀਦੀ ਕਿਉਕਿ ਜਿੰਨਾਂ ਉਹ ਹੱਥ ਪੈਰ ਮਾਰਦਾ ਹੈ ਉਨਾਂ ਹੀ ਡੁਬਦਾ ਹੈ। ਇਹ ਤਾਂ ਕੋਈ ਹੋਰ ਬਾਹਰੋਂ ਸਹਾਰਾ ਦੇ ਕੇ ਉਸ ਨੂੰ ਖਿੱਚ ਲਵੇ ਤਾਂ ਹੀ ਉਹ ਬਚ ਸਕਦਾ ਹੈ। ਇਸੇ ਤਰ੍ਹਾਂ ਮਨੁੱਖ ਮੋਹ ਦੇ ਚਿੱਕੜ ਵਿੱਚ ਫਸ ਜਾਂਦਾ ਹੈ ਤੇ ਚੱਲ ਨਹੀਂ ਸਕਦਾ, ਡੁਬ ਜਾਂਦਾ ਹੈ।

**41. ਸੰਗਤ ਵਿੱਚ ਮਿਲਣ ਨਾਲ ਮਨੁੱਖ ਦੇ ਗੁਣ ਪ੍ਰਗਟ ਹੁੰਦੇ ਹਨ ਪਰ ਕੀ ਮਨੁੱਖ ਦੇ ਗੁਣ ਘਟ ਵੀ ਸਕਦੇ ਹਨ ?**

ਜੀ ਹਾਂ। ਜਦੋਂ ਚੰਗਾ ਮਨੁੱਖ ਪ੍ਰਭੂ ਨੂੰ ਵਿਸਾਰ ਦਿੰਦਾ ਹੈ ਤਾਂ ਉਸ ਦੇ ਗੁਣ ਘਟਦੇ ਜਾਂਦੇ ਹਨ **(ਹਰਿ ਬਿਸਰਤ ਤੇਰੇ ਗੁਣ ਗਲਿਆ॥)**।

**42. ਸਾਨੂੰ ਕਿਹੜੇ ਮਨੁੱਖਾਂ ਦੀ ਸੰਗਤ ਕਰਨੀ ਚਾਹੀਦੀ ਹੈ ? ਕਿੰਨ੍ਹਾਂ ਦੀ ਸ਼ਰਨ ਵਿੱਚ ਜਾਣਾ ਚਾਹੀਦਾ ਹੈ ?**

ਸਾਨੂੰ ਉਨ੍ਹਾਂ ਮਨੁੱਖਾਂ ਦੀ ਸੰਗਤ ਕਰਨੀ ਚਾਹੀਦੀ ਹੈ, ਜੋ ਕਦੇ ਵੀ ਪ੍ਰਭੂ ਨੂੰ ਵਿਸਾਰਦੇ ਨਹੀਂ, ਸਦ-ਸਦਾ ਪ੍ਰਭੂ ਦੀ ਯਾਦ ਵਿੱਚ ਟਿਕੇ ਰਹਿੰਦੇ ਹਨ। **(ਤਿਨ ਕੀ ਸਰਣਾ ਜਿਨ ਤੂ ਨਾਹੀ ਵੀਸਰਿਆ॥)**।





**43. ਇਹ ਮਨੁੱਖਾ ਜੀਵਨ ਕੀ ਕਰਨ ਦਾ ਮੌਕਾ ਹੈ ?**

ਇਹ ਮਨੁੱਖਾ ਜੀਵਨ ਪ੍ਰਭੂ ਗੋਬਿੰਦ ਨੂੰ ਮਿਲਣ ਦਾ ਮੌਕਾ ਹੈ **(ਗੋਬਿੰਦ ਮਿਲਣ ਕੀ ਇਹ ਤੇਰੀ ਬਰੀਆ॥)**।

**44. 'ਅਵਰ ਕਾਜ' ਤੋਂ ਕੀ ਭਾਵ ਹੈ ?**

ਇੱਥੇ ਅਵਰ ਕਾਜ ਤੋਂ ਭਾਵ ਹੈ ਕਿ ਭਗਤੀ ਤੋਂ ਬਿਨਾਂ ਕਰਮ ਕਾਂਡ ਤੇ ਵਿਖਾਵੇ ਦੇ ਕਾਜ, ਦਾਨ ਪੁੰਨ ਆਦਿ। ਇਸ ਨਾਲ ਕੋਈ ਕੰਮ ਨਹੀਂ ਸਰਨਾ। ਯਾਦ ਰੱਖੀਏ ਅਵਰ ਕਾਜ ਦਾ ਭਾਵ ਕਿਰਤ ਕਰਨਾ ਤੇ ਉੱਦਮ ਕਰਨਾ ਨਹੀਂ ਹੈ। ਕਈ ਸੱਜਣ ਅਵਰ ਕਾਜ ਦੀ ਆੜ ਹੇਠ ਆਪਣੀ ਕਿਰਤ ਤੇ ਉੱਦਮ ਵੀ ਤਿਆਗ ਦਿੰਦੇ ਹਨ-ਇਹ ਗਲਤ ਹੈ।

**45. ਸਾਡਾ ਜਨਮ ਕਿਵੇਂ ਬਿਰਥਾ ਜਾ ਰਿਹਾ ਹੈ ?**

ਮਾਇਆ ਦੇ ਅਨਿਕ ਪ੍ਰਕਾਰ ਦੇ ਰੰਗਾਂ ਵਿੱਚ ਸਾਡਾ ਜਨਮ ਬਿਰਥਾ ਜਾ ਰਿਹਾ ਹੈ। **(ਜਨਮੁ ਬ੍ਰਿਥਾ ਜਾਤ ਰੰਗਿ ਮਾਇਆ ਕੈ॥)**।

**46. 'ਪੂਰਨ ਹੋਇ ਚਿੱਤ ਕੀ ਇੱਛਾ' ਇੱਥੇ ਕਿਸ ਇੱਛਾ ਦਾ ਵਰਣਨ ਹੈ ?**

ਇਹ ਇੱਛਾ ਅਗਲੇ ਫੁਰਮਾਨ ਵਿੱਚ ਦਰਜ਼ ਹੈ ਭਾਵ **'ਤਵ ਚਰਨਨ ਮਨ ਰਹੈ ਹਮਾਰਾ'** - ਮੇਰੇ ਚਿੱਤ ਦੀ ਇੱਛਾ ਇਹੀ ਹੈ ਕਿ ਤੇਰੇ ਚਰਨਾਂ ਵਿੱਚ ਮਨ ਜੁੜਿਆ ਰਹੇ।

**47. 'ਸੁਖੀ ਬਸੈ ਮੋਰੋ ਪਰਿਵਾਰਾ' ਵਿੱਚ ਕਿਸ ਪਰਿਵਾਰ ਵੱਲ ਇਸ਼ਾਰਾ ਹੈ ?**

ਇਹ ਪਰਿਵਾਰ ਹੈ :- ਕਰਤਾਰ ਦੇ ਬਣਾਏ ਸਿੱਖਾਂ ਦਾ, ਸੇਵਕਾਂ ਦਾ। **(ਸੇਵਕ ਸਿੱਖ ਸਭੈ ਕਰਤਾਰਾ)**।

**48. 'ਪੂਰਨ ਹੋਇ ਹਮਾਰੀ ਆਸਾ', ਵਿੱਚ ਕਿਹੜੀ ਆਸਾ ਵੱਲ ਸੰਕੇਤ ਹੈ ?**

ਇੱਥੇ ਸੰਕੇਤ ਹੈ **'ਤੋਰ ਭਜਨ ਕੀ ਰਹੈ ਪਿਆਸਾ॥'** ਭਾਵ ਤੇਰੇ ਭਜਨ ਦੀ ਪਿਆਸ ਲੱਗੀ ਰਹੇ।

**49. ਚੌਪਈ ਸਾਹਿਬ ਵਿੱਚ ਗੁਰੂ ਸਾਹਿਬ ਸ਼ਿਵ ਜੀ ਅਤੇ ਬ੍ਰਹਮਾ ਦਾ ਜ਼ਿਕਰ ਕਿਸ ਸੰਦਰਭ ਵਿੱਚ ਕਰਦੇ ਹਨ ?**

ਗੁਰੂ ਸਾਹਿਬ ਫੁਰਮਾਨ ਕਰਦੇ ਹਨ ਕਿ ਅਕਾਲ ਪੁਰਖ ਨੇ ਹੀ ਸ਼ਿਵ ਜੀ ਅਤੇ ਬ੍ਰਹਮਾ ਵਰਗੇ ਵੇਦ ਆਚਾਰੀਆਂ ਦੀ ਰਚਨਾ ਕੀਤੀ ਹੈ। ਇਸ ਲਈ ਮੈਂ ਉਸ ਅਕਾਲ ਪੁਰਖ ਨੂੰ ਹੀ ਨਮਸਕਾਰ ਕਰਦਾ ਹਾਂ।

**50. 'ਸਿਵਕਨ ਕਉ ਸਿਵਗੁਨ' ਦਾ ਠੀਕ ਉਚਾਰਨ ਅਤੇ ਅਰਥ ਕੀ ਹਨ?**

ਠੀਕ ਉਚਾਰਣ ਹੈ - **'ਸਿਵਕਨ ਕਉ ਸ਼ਿਵਗੁਨ ਸੁਖ ਦੀਓ॥'** ਸਿਵਕਨ ਭਾਵ ਸੇਵਕਾਂ ਨੂੰ, ਸ਼ਿਵਗੁਨ ਭਾਵ ਦੈਵੀ ਗੁਣ। ਅਕਾਲ ਪੁਰਖ ਆਪਣੇ ਸੇਵਕਾਂ ਨੂੰ ਦੈਵੀ ਗੁਣ ਅਤੇ ਸੁਖ ਪ੍ਰਦਾਨ ਕਰਦਾ ਹੈ।

**51. 'ਸੰਤਨ ਦੁਖ ਪਾਏ ਤੇ ਦੁਖੀ, ਸੁਖ ਪਾਏ ਸਾਧੁਨ ਕੇ ਸੁਖੀ' ਦਾ ਕੀ ਭਾਵ ਹੈ ?**

ਇੱਥੇ ਸ਼ਬਦ ਸਾਧੁਨ ਹੈ ਸਾਧਨ ਨਹੀਂ। ਸਾਧੁਨ ਭਾਵ ਸਤਪੁਰਸ਼। ਵਾਹਿਗੁਰੂ ਭਾਵੇਂ ਨਿਰਲੇਪ ਹੈ ਪਰ ਫਿਰ ਵੀ ਭਗਤਾਂ ਦੇ ਦੁਖੀ ਹੋਣ ਤੇ ਉਹ ਦੁਖ ਮਹਿਸੂਸ ਕਰਦਾ ਹੈ ਅਤੇ ਸਤਪੁਰਖਾਂ ਨੂੰ ਸੁਖ ਪ੍ਰਦਾਨ ਕਰਦਾ ਹੈ।

**52. 'ਉਦਕਰਖ' ਅਤੇ 'ਆਕਰਖ' ਤੋਂ ਕੀ ਭਾਵ ਹੈ ?**

'ਉਦਕਰਖ' ਦਾ ਭਾਵ ਹੈ ਪਾਸਾਰ ਕਰਨ ਵਾਲੀ ਸ਼ਕਤੀ ਅਤੇ 'ਆਕਰਖ' ਦਾ ਭਾਵ ਹੈ, ਸਮੇਟਣ ਵਾਲੀ ਸ਼ਕਤੀ। ਜਦੋਂ ਵੀ ਅਕਾਲ ਪੁਰਖ ਉਦਕਰਖ ਕਰਦਾ ਹੈ ਤਾਂ ਅਨੇਕਾਂ ਜੀਵ ਸ਼ਰੀਰ ਧਾਰਨ ਕਰ ਲੈਂਦੇ ਹਨ, ਪਰ ਜਦੋਂ ਉਹ ਪ੍ਰਭੂ ਆਕਰਖ ਕਰਦਾ ਹੈ ਤਾਂ ਸਾਰੀਆਂ ਦੇਹਾਂ, ਸਰੀਰ ਫਿਰ ਪਰਮਾਤਮਾ ਵਿੱਚ ਹੀ ਸਮਾ ਜਾਂਦੇ ਹਨ। ਉਦਕਰਖ ਅਤੇ ਆਕਰਖ ਉਸ ਦੀਆਂ ਵਿਸਮਾਦੀ ਚੋਜਾਂ (ਖੇਡਾਂ) ਹੀ ਹਨ।

**53. 'ਨਿਰੰਕਾਰ ਨ੍ਰਿਬਿਕਾਰ ਨਿਰਲੰਭ' ਤੋਂ ਕੀ ਭਾਵ ਹੈ ?**





ਅਕਾਲ ਪੁਰਖ ਆਕਾਰ ਤੋਂ ਰਹਿਤ (ਨਿਰੰਕਾਰ), ਵਿਕਾਰਾਂ ਤੋਂ ਰਹਿਤ (ਨ੍ਰਿਬਿਕਾਰ) ਅਤੇ ਕਿਸੇ ਆਸਰੇ ਦਾ ਮੁਥਾਜ ਨਹੀਂ, ਨਿਰਲੰਭ ਹੈ।

**54. ਅਸੀਂ ਮੂੜ (ਮੂਰਖ) ਮਨੁੱਖ ਕੀ ਕਰਦੇ ਹਾਂ ?**

ਅਸੀਂ ਮੂੜ ਮੁਗਧ ਮਨੁੱਖ ਉਸ ਪਰਮਾਤਮਾ ਦਾ ਭੇਦ ਦੱਸਣ ਦਾ ਯਤਨ ਕਰਦੇ ਹਾਂ ਜਿਸ ਦਾ ਅੰਤ ਵੇਦ ਅਤੇ ਵੇਦਾਚਾਰੀਆ ਵੀ ਨਹੀਂ ਪਾ ਸਕੇ **(ਤਾ ਕਾ ਮੂੜ ਉਚਾਰਤ ਭੇਦਾ ਜਾ ਕਉ ਭੇਵ ਨ ਪਾਵਤ ਬੇਦਾ॥)**।

**55. ਮਹਾਂਮੂਰਖ (ਮਹਾਂਮੂੜ) ਕੀ ਕਰਦੇ ਹਨ ?**

ਮੂਰਖ ਲੋਕ ਉਸ ਪਰਮਾਤਮਾ ਦਾ ਭੇਦ ਨਹੀਂ ਜਾਣਦੇ ਸਗੋਂ ਉਹ ਤਾਂ ਪਰਮਾਤਮਾ ਦਾ ਪਾਹਨ (ਪੱਥਰ) ਰੂਪ ਵਿੱਚ ਹੀ ਅਨੁਮਾਨ ਲਗਾਉਂਦੇ ਹਨ। **(ਤਾ ਕਉ ਕਰਿ ਪਾਹਨ ਅਨੁਮਾਨਤ, ਮਹਾਮੂੜ ਕਛੁ ਭੇਦ ਨ ਜਾਨਤ॥)**।

**56. ਲੋਕ ਸ਼ਿਵ ਜੀ ਨੂੰ ਕੀ ਮੰਨਦੇ ਹਨ ਅਤੇ ਗੁਰੂ ਸਾਹਿਬ ਕੀ ਸਮਝਾਉਂਦੇ ਹਨ ?**

ਆਮ ਲੋਕ ਸ਼ਿਵ ਜੀ (ਮਹਾਂਦੇਵ) ਨੂੰ ਹੀ ਪਰਮਾਤਮਾ (ਸਦਾ ਸਿਵ) ਮੰਨਦੇ ਹਨ। ਪਰ ਗੁਰੂ ਸਾਹਿਬ ਫੁਰਮਾਉਂਦੇ ਹਨ ਕਿ ਅਜਿਹੇ ਲੋਕ ਨਿਰੰਕਾਰ ਦੀ ਹਸਤੀ ਦਾ ਭੇਦ ਨਹੀਂ ਸਮਝਦੇ।

**57. ਚਾਰ ਖਾਣੀਆਂ ਕਿਹੜੀਆਂ ਹਨ ?**

ਚਾਰ ਖਾਣੀਆਂ ਹਨ :- ਅੰਡਜ, ਜੇਰਜ, ਸੇਤਜ ਅਤੇ ਉਤਭੁਜ। ਕੁਝ ਜੀਵ ਅੰਡੇ ਤੋਂ ਪੈਦਾ ਹੁੰਦੇ ਹਨ (ਅੰਡਜ), ਕੁੱਝ ਜੇਰ ਤੋਂ ਪੈਦਾ ਹੁੰਦੇ ਹਨ (ਜੇਰਜ), ਕੁੱਝ ਪਸੀਨੇ ਤੋਂ (ਸੇਤਜ) ਅਤੇ ਕੁੱਝ ਰਚਨਾ ਬਨਸਪਤ ਤੋਂ (ਉਤਭੁਜ) ਹੁੰਦੀ ਹੈ।

**58. ਜਿਹੜੇ ਮਨੁੱਖ ਅਸਿਧੁਜ ਦੀ ਸ਼ਰਨੀ ਪੈਂਦੇ ਹਨ, ਉਹਨਾਂ ਨੂੰ ਕੀ**

**ਹੁੰਦਾ ਹੈ ?**

ਅਸਿਧੁਜ ਭਾਵ ਅਕਾਲਪੁਰਖ, ਜਿਸ ਦੇ ਝੰਡੇ ਤੇ ਖੜਗ ਦਾ ਚਿੰਨ੍ਹ ਹੈ ਭਾਵ ਖੜਗਧਾਰੀ ਪ੍ਰਭੂ। ਜਿਹੜੇ-ਜਿਹੜੇ ਜੀਵ ਅਜਿਹੇ ਖੜਗਧਾਰੀ ਪ੍ਰਭੂ ਦੀ ਸ਼ਰਨ ਵਿੱਚ ਆਉਂਦੇ ਹਨ, ਉਹਨਾਂ ਦੇ ਦੋਖੀ ਆਪ ਹੀ ਦੁਖੀ ਹੋ ਕਿ ਆਪਣੀ ਮੌਤੇ ਮਰ ਜਾਂਦੇ ਹਨ **(ਜੇ ਅਸਿਧੁਜ ਤਵ ਸਰਣੀ ਪਰੇ॥ ਤਿਨ ਕੇ ਦੁਸ਼ਟ ਦੁਖਿਤ ਹ੍ਵੈ ਮਰੇ॥)**।

**59. ਜਿਹੜੇ ਮਨੁੱਖ ਅਕਾਲ ਪੁਰਖ ਦੇ ਚਰਨੀਂ ਪੈਂਦੇ ਹਨ, ਉਹਨਾਂ ਨਾਲ ਕੀ ਹੁੰਦਾ ਹੈ ?**

ਜਿਹੜੇ ਮਨੁੱਖ ਅਕਾਲ ਪੁਰਖ ਦੇ ਚਰਨੀਂ ਪੈਂਦੇ ਹਨ, ਅਕਾਲ ਪੁਰਖ ਆਪ ਹੀ ਉਹਨਾਂ ਸ਼ਰਨ ਪਇਆਂ ਦੇ ਸਾਰੇ ਦੁੱਖਾਂ ਦੀ ਨਵਿਰਤੀ ਕਰ ਦੇਂਦਾ ਹੈ ਭਾਵ ਕੱਟ ਦੇਂਦਾ ਹੈ। **(ਪੁਰਖ ਜਵਨ ਪਗ ਪਰੇ ਤਿਹਾਰੇ॥ ਤਿਨ ਕੇ ਤੁਮ ਸੰਕਟ ਸਭ ਟਾਰੇ॥)**।

**60. ਜਿਹੜੇ ਮਨੁੱਖ ਇੱਕ ਚਿੱਤ ਹੋ ਕਿ ਇੱਕ ਵਾਰ ਹੀ ਅਕਾਲ ਪੁਰਖ ਨਾਲ ਧਿਆਨ ਜੋੜਦੇ ਹਨ ਉਹਨਾਂ ਤੇ ਕੀ ਬਖਸ਼ਿਸ਼ਾਂ ਹੁੰਦੀਆਂ ਹਨ ?**

ਜਿਹੜਾ ਜੀਵ ਅਕਾਲ ਪੁਰਖ ਨੂੰ ਇੱਕ ਵਾਰੀ (ਇੱਕ-ਚਿਤ ਹੋ ਕੇ) ਧਿਆਨ ਵਿੱਚ ਲਿਆਉਂਦਾ ਹੈ, ਉਸ ਦੇ ਨੇੜੇ ਕਾਲ ਫਟਕ ਨਹੀਂ ਸਕਦਾ। **(ਏਕ ਬਾਰ ਜਿਨ ਤੁਮਹਿ ਸੰਭਾਰਾ ਕਾਲਿ ਫਾਸ ਤੇ ਤਾਹਿ ਉਬਾਰਾ॥)**

**61. ਜਿਹੜੇ ਜੀਵਾਂ ਦੇ ਸਰੀਰਾਂ ਤੇ ਪ੍ਰਭੂ ਮਿਹਰ ਦੀ ਨਜ਼ਰ ਨਾਲ ਵੇਖਦਾ ਹੈ,ਉਹਨਾਂ ਤੇ ਕੀ ਬਖਸ਼ਿਸ਼ਾਂ ਹੁੰਦੀਆਂ ਹਨ ?**

ਹੇ ਪ੍ਰਭੂ ! ਜਿਨ੍ਹਾਂ ਜੀਵਾਂ ਦੇ ਸਰੀਰਾਂ ਨੂੰ ਆਪ ਮਿਹਰ ਦੀ ਨਜ਼ਰ ਨਾਲ ਤੱਕਦੇ ਹੋ, ਉਨ੍ਹਾਂ ਦੇ ਸਾਰੇ ਦੁਖ-ਕਲੇਸ਼ ਖਿਨ-ਮਾਤਰ ਵਿੱਚ ਹੀ ਦੂਰ ਕਰ ਦੇਂਦੇ ਹੋ। **(ਕ੍ਰਿਪਾ ਦ੍ਰਿਸਟਿ ਤਨ ਜਾਹਿ ਨਿਹਰਿਹੋ ਤਾ ਕੇ ਤਾਪ ਤਨਕ ਮੋਹਰਿਹੋ॥)**





**62. ਅਨੇਕ ਕਹੈਂ ਮਤ ਵਿੱਚ 'ਮਤ' ਦਾ ਕੀ ਭਾਵ ਹੈ ?**

ਇੱਥੇ ਮਤ ਦਾ ਭਾਵ ਹੈ ਵੱਖ-ਵੱਖ ਧਾਰਮਿਕ ਵਿਸ਼ਵਾਸ, ਵਿਚਾਰਧਾਰਾਵਾਂ। ਪਾਤਿਸ਼ਾਹ ਫੁਰਮਾਉਂਦੇ ਹਨ ਕਿ ਰਾਮ ਚੰਦਰ ਜੀ, ਰਹੀਮ ਜੀ, ਪੁਰਾਨ ਅਤੇ ਕੁਰਾਨ ਆਦਿ ਹੋਰ ਅਨੇਕ ਮਤਾਂ ਦਾ ਪ੍ਰਚਾਰ ਹੁੰਦਾ ਹੈ ਪਰ ਮੈਂ ਕਿਸੇ ਮਤ ਨੂੰ ਸਵੀਕਾਰ ਨਹੀਂ ਕਰਦਾ। **(ਰਾਮ ਰਹੀਮ ਪੁਰਾਨ ਕੁਰਾਨ ਅਨੇਕ ਕਹੈਂ ਮਤ ਏਕ ਨ ਮਾਨਯੋ॥)**

**63. 'ਅਨੰਦ ਸਾਹਿਬ' ਕਿਸ ਪਾਤਸ਼ਾਹ ਦੀ ਕਿਸ ਰਾਗ ਵਿੱਚ ਦਰਜ਼ ਬਾਣੀ ਹੈ ?**

'ਅਨੰਦ ਸਾਹਿਬ' ਰਾਗ ਰਾਮਕਲੀ ਵਿੱਚ ਤੀਸਰੇ ਪਾਤਿਸ਼ਾਹ ਗੁਰੂ ਅਮਰਦਾਸ ਜੀ ਵੱਲੋਂ ਰਚਿਤ ਹੈ।

**64. ਅਨੰਦ ਸਾਹਿਬ ਵਿੱਚ ਕਿੰਨੀਆਂ ਪਉੜੀਆਂ ਹਨ ?**

40 (ਚਾਲੀ)

**65. ਰਹਰਾਸਿ ਸਾਹਿਬ ਵਿੱਚ ਅਨੰਦ ਸਾਹਿਬ ਦੀਆਂ ਕਿੰਨੀਆਂ ਪਉੜੀਆਂ ਦਰਜ਼ ਹਨ ?**

ਬਾਣੀ ਰਹਰਾਸਿ ਸਾਹਿਬ ਵਿੱਚ ਅਨੰਦ ਸਾਹਿਬ ਦੀਆਂ ਪਹਿਲੀਆਂ 5 ਪਉੜੀਆਂ ਅਤੇ ਅੰਤਲੀ ਇੱਕ ਪਉੜੀ ਭਾਵ ਕੁੱਲ 6 ਪਉੜੀਆਂ ਦਰਜ਼ ਹਨ।

**66. ਅਸਲ ਅਨੰਦ ਕਿੱਥੋਂ ਮਿਲਦਾ ਹੈ ?**

ਜਦੋਂ ਸਾਨੂੰ ਗੁਰੂ ਮਿਲ ਜਾਏ ਤਾਂ ਹੀ ਅਨੰਦ ਹੁੰਦਾ ਹੈ **(ਅਨੰਦੁ ਭਇਆ ਮੇਰੀ ਮਾਇ ਸਤਿਗੁਰੂ ਮੈ ਪਾਇਆ॥)**

**67. ਸਤਿਗੁਰੂ ਦੇ ਮਿਲਦਿਆਂ ਹੀ ਕਿਹੜੀ ਅਵੱਸਥਾ ਮਿਲ ਜਾਂਦੀ ਹੈ ?**

ਸਤਿਗੁਰੂ ਦੇ ਮਿਲਦਿਆਂ ਹੀ ਮਨੁੱਖ ਦੇ ਅੰਦਰ ਅਡੋਲ ਅਵੱਸਥਾ (ਸਹਿਜ) ਦੀ ਪ੍ਰਾਪਤੀ ਹੋ ਜਾਂਦੀ ਹੈ। ਅੰਤ ਮਨ ਵਿੱਚ ਖੁਸ਼ੀ ਦੇ ਵਾਜੇ ਵੱਜ ਪੈਂਦੇ

ਹਨ। **(ਸਤਿਗੁਰ ਤ ਪਾਇਆ ਸਹਜ ਸੇਤੀ ਮਨ ਵਜੀਆ ਵਧਾਈਆ॥)**

**68. ਅਨੰਦ ਸਾਹਿਬ ਦੀ ਦੂਸਰੀ ਪਉੜੀ ਵਿੱਚ ਅਸੀਂ ਆਪਣੇ ਮਨ ਨੂੰ ਕੀ ਕਹਿੰਦੇ ਹਾਂ ?**

ਅਸੀਂ ਆਪਣੇ ਮਨ ਨੂੰ ਕਹਿੰਦੇ ਹਾਂ ਕਿ ਤੂੰ ਸਦਾ ਪ੍ਰਭੂ ਦੇ ਨਾਲ ਰਹਿ। **(ਤੂ ਸਦਾ ਰਹੁ ਹਰਿ ਨਾਲੇ॥)**।

**69. ਅੰਗੀਕਾਰ ਤੋਂ ਕੀ ਭਾਵ ਹੈ ?**

ਅੰਗੀਕਾਰ ਤੋਂ ਭਾਵ ਹੈ ਸਹਾਇਤਾ ਕਰਨ ਵਾਲਾ, ਰੱਖਿਆ ਕਰਨ ਵਾਲਾ। ਜਿਵੇਂ ਸੰਸਾਰਿਕ ਬਲਸ਼ਾਲੀ, ਮਨੁੱਖਾਂ ਦੇ ਅੰਗ ਰੱਖਿਅਕ ਹੁੰਦੇ ਹਨ, ਉਸੇ ਤਰ੍ਹਾਂ ਭਗਤਾਂ ਦਾ ਅੰਗੀਕਾਰ ਉਹ ਅਕਾਲ ਪੁਰਖ ਆਪ ਕਰਦਾ ਹੈ। **(ਅੰਗੀਕਾਰ ਓਹ ਕਰੇ ਤੇਰਾ...)**

**70. ਕੀ ਕੁੱਝ ਅਜਿਹਾ ਹੈ ਜੋ ਪਰਮਾਤਮਾ ਦੇ ਘਰ ਨਹੀਂ ਹੈ ?**

ਪਰਮਾਤਮਾ ਦੇ ਘਰ ਤਾਂ ਸਭ ਕੁੱਝ ਹੈ **(ਘਰ ਤ ਤੇਰੈ ਸਭ ਕਿਛ ਹੈ)** ਪਰ ਇਹ ਮਿਲਦਾ ਉਸ ਨੂੰ ਹੈ ਜਿਸ ਨੂੰ ਉਹ ਆਪ ਬਖਸ਼ਿਸ਼ ਕਰਕੇ ਦੇਂਦਾ ਹੈ **(ਜਿਸ ਦੇਹਿ ਸੁ ਪਾਵਏ॥)**।

**71. ਸਾਡੇ ਜੀਵਨ ਦਾ ਆਸਰਾ ਕੀ ਹੋਣਾ ਚਾਹੀਦਾ ਹੈ ?**

ਸਦਾ ਥਿਰ ਰਹਿਣ ਵਾਲੇ ਪਰਮਾਤਮਾ ਦਾ ਨਾਮ ਹੀ ਸਾਡੇ ਜੀਵਨ ਦਾ ਆਸਰਾ ਹੋਣਾ ਚਾਹੀਦਾ ਹੈ। **(ਸਾਚਾ ਨਾਮ ਮੇਰਾ ਆਧਾਰੋ॥)**।

**72. 'ਸਬਦਿ ਧਰਹੁ ਪਿਆਰੋ' ਤੋਂ ਕੀ ਭਾਵ ਹੈ ?**

ਸਬਦਿ ਧਰਹੁ ਪਿਆਰੋ ਦਾ ਭਾਵ ਹੈ ਗੁਰਬਾਣੀ ਦੇ ਸ਼ਬਦ ਨੂੰ ਜਪੀਏ, ਵਿਚਾਰੀਏ ਅਤੇ ਕਮਾਈਏ।

**73. ਕਿਹੜੇ ਮਨੁੱਖ ਹਰੀ ਦੇ ਨਾਮ ਵਿੱਚ ਜੁੜਦੇ ਹਨ ?**

ਕੇਵਲ ਉਹੀ ਮਨੁੱਖ ਹਰੀ ਦੇ ਨਾਮ ਵਿੱਚ ਜੁੜਦੇ ਹਨ ਜਿਨ੍ਹਾਂ ਦੇ ਭਾਗਾਂ ਵਿੱਚ





ਧੁਰ ਤੋਂ ਹੀ ਪਰਮਾਤਮਾ ਮਿਹਰ ਕਰਦਾ ਹੈ।

**74. ਸੱਚੀ ਬਾਣੀ ਸੁਣਨ ਨਾਲ ਕੀ ਹੁੰਦਾ ਹੈ ?**

ਸੁਚੇਤ ਹੋ ਕਿ ਮਨ ਨਾਲ ਬਾਣੀ ਸ੍ਰਵਨ ਕਰਕੇ ਮਨੁੱਖ ਦੇ ਸਾਰੇ ਦੁੱਖ, ਰੋਗ ਅਤੇ ਕਲੇਸ਼ ਮਿਟ ਜਾਂਦੇ ਹਨ। **(ਦੂਖ ਰੋਗ ਸੰਤਾਪ ਉਤਰੇ...ਸੁਣੀ ਸਚੀ ਬਾਣੀ॥)**

**75. 'ਮੁੰਦਾਵਣੀ' ਦਾ ਕੀ ਭਾਵ ਹੈ ?**

ਮੁੰਦਾਵਣੀ ਦਾ ਭਾਵ ਹੈ ਮੋਹਰ ਜਾਂ ਸਟੈਂਪ। ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਸਮਾਪਤੀ ਤੇ ਪੰਨਾ ਨੰ: 1429 ਤੇ ਬਾਣੀ ਸੰਪੂਰਨ ਕਰਕੇ ਪਾਤਸ਼ਾਹ ਨੇ ਮੁੰਦਾਵਣੀ (ਮੋਹਰ) ਲਗਾਈ ਹੈ।

**76. ਮਨੁੱਖ ਦੇ ਹਿਰਦੇ ਰੂਪੀ ਥਾਲ ਵਿੱਚ ਕਿਹੜੀਆਂ ਤਿੰਨ ਵਸਤਾਂ ਟਿਕੀਆਂ ਰਹਿੰਦੀਆਂ ਹਨ ?**

ਬਖਸ਼ਿਸ਼ ਭਰਪੂਰ ਮਨੁੱਖ ਦੇ ਹਿਰਦੇ ਰੂਪੀ ਥਾਲ ਵਿੱਚ ਟਿਕੀਆਂ ਤਿੰਨ ਵਸਤਾਂ ਹਨ- ਉੱਚਾ ਆਚਰਨ (ਸਤ), ਸੰਤੋਖ ਅਤੇ ਆਤਮਿਕ ਜੀਵਨ ਦੀ ਸੂਝ (ਵੀਚਾਰ)।

**77. ਆਤਮਿਕ ਪ੍ਰਸੰਨਤਾ ਲਈ ਸਾਨੂੰ ਨਿਤ-ਨਿਤ ਕਿਹੜੀਆਂ ਵਸਤਾਂ ਦੀ ਸੰਭਾਲ ਕਰਨੀ ਚਾਹੀਦੀ ਹੈ ?**

ਆਤਮਿਕ ਪ੍ਰਸੰਨਤਾ ਲਈ ਸਾਨੂੰ ਹਰ ਵੇਲੇ ਆਪਣੇ ਹਿਰਦੇ ਵਿੱਚ ਨਾਮ ਰੂਪੀ ਵਸਤ ਟਿਕਾ ਕੇ ਰੱਖਣੀ ਚਾਹੀਦੀ ਹੈ **(ਇਹ ਵਸਤ ਤਜੀ ਨਹ ਜਾਈ ਨਿਤ ਨਿਤ ਰਖੁ ਉਰਧਾਰੋ॥)** ।

**78. ਨਾਮ ਮਿਲੈ ਤਾਂ ਮਨੁੱਖ ਨੂੰ ਕੈਸੀ ਅਵੱਸਥਾ ਪ੍ਰਾਪਤ ਹੁੰਦੀ ਹੈ ?**

ਨਾਮ ਮਿਲਣ ਤੇ ਮਨੁੱਖ ਦੇ ਅੰਦਰ ਆਤਮਿਕ ਜੀਵਨ ਪੈਦਾ ਹੋ ਜਾਂਦਾ ਹੈ ਅਤੇ ਉਸ ਦਾ ਤਨ, ਮਨ ਖਿੜ ਜਾਂਦਾ ਹੈ।

# ੨

## ਸੋਹਿਲਾ ਸੁਆਲ-ਜਵਾਬ

**1. 'ਸੋਹਿਲਾ' ਤੋਂ ਕੀ ਭਾਵ ਹੈ ?**

ਸੋਹਿਲਾ ਤੋਂ ਭਾਵ ਹੈ ਜਸ, ਸਿਫ਼ਤ ਸਾਲਾਹ।

**2. ਸੋਹਿਲਾ ਬਾਣੀ ਪੜ੍ਹਣ ਦਾ ਸਮਾਂ ਕੀ ਹੈ ?**

ਸੋਹਿਲਾ ਬਾਣੀ ਰਾਤ ਨੂੰ ਸੌਣ ਵੇਲੇ ਪੜ੍ਹਣ ਦਾ ਹੁਕਮ ਹੈ। ਇਸ ਬਾਣੀ ਨੂੰ ਪੜ੍ਹਦਿਆਂ ਮਨੁੱਖ ਦੇ ਮਨ ਵਿੱਚ ਸੁਆਲ ਪੈਦਾ ਹੁੰਦਾ ਹੈ ਕਿ ਮੇਰੀ ਉਮਰ ਘੱਟ ਰਹੀ ਹੈ ਅਤੇ ਮੈਨੂੰ ਆਪਣਾ ਸਮਾਂ ਗੁਰੂ ਨਾਲ ਜੁੜਨ ਵਿੱਚ ਲਗਾਉਣਾ ਚਾਹੀਦਾ ਹੈ।

**3. ਸੋਹਿਲਾ ਬਾਣੀ ਵਿੱਚ ਕਿੰਨੇ ਸ਼ਬਦ ਹਨ ਅਤੇ ਇਹ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਵਿੱਚ ਕਿੱਥੇ ਦਰਜ ਹੈ ?**

ਇਸ ਬਾਣੀ ਵਿੱਚ ਪੰਜ ਸ਼ਬਦ ਹਨ ਅਤੇ ਇਹ ਬਾਣੀ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਪੰਨਾ ਨੰਬਰ 11 ਤੋਂ 13 ਤੱਕ ਦਰਜ਼ ਹੈ।

**4. ਸੋਹਿਲਾ ਬਾਣੀ ਦੇ ਪਹਿਲੇ ਸ਼ਬਦ, "ਜੈ ਘਰਿ ਕੀਰਤਿ ਆਖੀਐ..." ਦਾ ਕੇਂਦਰੀ ਭਾਵ ਕੀ ਹੈ ?**

ਇਸ ਸ਼ਬਦ ਦਾ ਕੇਂਦਰੀ ਭਾਵ ਹੈ ਕਿ ਐ ਮਨੁੱਖ ਤੂੰ ਨਿਰਭਉ ਪ੍ਰਮਾਤਮਾ ਦੀ ਸਿਫਤ ਸਾਲਾਹ ਕਰ, ਜਿਸ ਨਾਲ ਤੈਨੂੰ ਸੁੱਖ ਮਿਲੇਗਾ। ਇਹ ਕੇਂਦਰੀ ਭਾਵ





ਇਸ ਸ਼ਬਦ ਦੇ ਰਹਾਉ ਵਿੱਚ ਦਰਜ ਹੈ। **(ਤੁਮ ਗਾਵਹੁ ਮੇਰੇ ਨਿਰਭਉ ਕਾ ਸੋਹਿਲਾ॥ ਹਉ ਵਾਰੀ ਜਿਤੁ ਸੋਹਿਲੈ ਸਦਾ ਸੁਖੁ ਹੋਇ॥ ਰਹਾਉ॥ )**

**5. ਕੀ ਅਸੀਂ ਪ੍ਰਮਾਤਮਾ ਦਾ ਅੰਦਾਜ਼ਾ ਲਗਾ ਸਕਦੇ ਹਾਂ ?**

ਨਹੀਂ, ਉਸ ਪ੍ਰਮਾਤਮਾ ਦਾ ਅੰਦਾਜ਼ਾ ਲਗਾਉਣਾ ਤਾਂ ਦੂਰ ਰਿਹਾ ਅਸੀਂ ਜੀਵ ਤਾਂ ਉਸ ਦਾਤਾਰ ਦੀਆਂ ਦਿੱਤੀਆਂ ਦਾਤਾਂ ਦਾ ਮੁੱਲ ਵੀ ਨਹੀਂ ਪਾ ਸਕਦੇ। **(ਤੇਰੇ ਦਾਨੈ ਕੀਮਤਿ ਨ ਪਵੈ ਤਿਸੁ ਦਾਤੇ ਕਵਣੁ ਸੁਮਾਰੁ ॥ )**

**6. 'ਸੰਬਤਿ ਸਾਹਾ ਲਿਖਿਆ' ਤੋਂ ਕੀ ਭਾਵ ਹੈ ?**

ਸਾਰੇ ਜੀਵਾਂ ਦਾ ਪਰਲੋਕ ਜਾਣ ਦਾ ਸੰਮਤ ਅਤੇ ਦਿਹਾੜਾ ਨਿਸ਼ਚਿਤ ਹੈ। ਜਿਵੇਂ ਪਤਨੀ ਦੀ ਪਤੀ ਦੇ ਘਰ ਜਾਣ ਲਈ, ਸਾਹੇ ਦੀ ਚਿੱਠੀ ਆਉਂਦੀ ਹੈ ਉਵੇਂ ਹੀ ਜੀਵ ਲਈ ਮੌਤ ਦੀ ਚਿੱਠੀ ਆਉਂਦੀ ਹੈ।

**7. 'ਸੇ ਦਿਹ ਆਵੰਨਿ' ਤੋਂ ਗੁਰੂ ਸਾਹਿਬ ਸਾਨੂੰ ਕੀ ਸਮਝਾ ਰਹੇ ਹਨ ?**

ਅਸੀਂ ਆਪਣੇ ਆਲੇ-ਦੁਆਲੇ ਦੇਖਦੇ ਹਾਂ ਕਿ ਪ੍ਰਾਣੀ ਸੁਆਸ ਪੂਰਨ ਕਰਕੇ ਸੰਸਾਰ ਤੋਂ ਚੜ੍ਹਾਈ ਕਰਦੇ ਜਾ ਰਹੇ ਹਨ। ਪਾਤਸ਼ਾਹ ਫੁਰਮਾਉਂਦੇ ਹਨ ਕਿ ਹਰ ਘਰ ਦੇ ਵਿੱਚ ਮਰਨ ਦਾ ਸੱਦਾ ਆ ਰਿਹਾ ਹੈ ਅਤੇ ਹਰ ਵੇਲੇ ਸੱਦੇ ਪੈ ਰਹੇ ਹਨ **(ਸਦੜੇ ਨਿਤ ਪਵੰਨਿ)**। ਇਸ ਲਈ ਸਾਨੂੰ ਸੱਦਾ ਦੇਣ ਵਾਲੇ ਉਸ ਪ੍ਰਭੂ ਨੂੰ ਸਦਾ ਯਾਦ ਰੱਖਣਾ ਚਾਹੀਦਾ ਹੈ ਕਿਉਂਕਿ ਸਾਡਾ ਵੀ ਉਹ ਦਿਨ ਨੇੜੇ ਆ ਰਿਹਾ ਹੈ ਜਦੋਂ ਸਾਨੂੰ ਵੀ ਮੌਤ ਦਾ ਸੱਦਾ ਆ ਜਾਵੇਗਾ।

**8. ਕਿਹੜੇ-ਕਿਹੜੇ ਛੇ ਘਰ ਹਨ, ਉਹਨਾਂ ਦੇ ਕਿਹੜੇ ਛੇ ਗੁਰੂ ਹਨ ?**

6 ਘਰ ਅਤੇ 6 ਗੁਰੂ ਇੰਞ ਹਨ :

| | | |
|---|---|---|
| ਸ਼ਾਸਤਰ ਸ਼ਾਂਖ | - | ਕਪਲ |
| ਨਿਆਇ | - | ਗੌਤਮ |
| ਵੈਸ਼ੇਸ਼ਿਕ | - | ਕਣਾਦ |
| ਯੋਗ | - | ਪਤੰਜਲੀ |
| ਮੀਮਾਂਸਾ | - | ਜੈਮਿਨੀ |
| ਵੇਦਾਂਤ | - | ਵਿਆਸ |

**9. ਜੀਵ ਦੀ ਭਲਾਈ ਕਿਸ ਕੰਮ ਵਿੱਚ ਹੈ ?**

ਪ੍ਰਮਾਤਮਾ ਦੇ ਸਿਫਤਿ ਸਾਲਾਹ ਰੂਪੀ ਘਰ ਨੂੰ ਸੰਭਾਲ ਕੇ ਰੱਖਣ ਵਿੱਚ ਹੀ ਜੀਵ ਦੀ ਭਲਾਈ ਹੈ। **(ਬਾਬਾ ਜੈ ਘਰਿ ਕਰਤੇ ਕੀਰਤਿ ਹੋਇ॥ ਸੋ ਘਰੁ ਰਾਖੁ ਵਡਾਈ ਤੋਇ॥ਰਹਾਉ॥)**

**10. ਸੋਹਿਲਾ ਬਾਣੀ ਵਿੱਚ ਗੁਰੂ ਸਾਹਿਬ ਨੇ ਸਮੇਂ ਦੀ ਵੰਡ ਕਿਵੇਂ ਦਰਸਾਈ ਹੈ ?**

ਇਹ ਵੰਡ ਇੰਝ ਹੈ :

| | | |
|---|---|---|
| ਅੱਖ ਦੇ 15 ਫੋਰ | - | 1 ਵਿਸਾ |
| 15 ਵਿਸੁਏ | - | 1 ਚਸਾ |
| 30 ਚਸੇ | - | 1 ਪਲ |
| 60 ਪਲ | - | 1 ਘੜੀ |
| 7.5 ਘੜੀਆਂ | - | 1 ਪਹਿਰ |
| 8 ਪਹਿਰ | - | 1 ਦਿਨ ਰਾਤ |

ਇਸ ਤੋਂ ਇਲਾਵਾ ਗੁਰੂ ਸਾਹਿਬ ਨੇ 15 ਥਿਤਾਂ, 7 ਵਾਰਾਂ, 12 ਮਹੀਨਿਆਂ ਅਤੇ 6 ਰੁੱਤਾਂ ਵੱਲ ਵੀ ਸੰਕੇਤ ਕੀਤਾ ਹੈ। ਇਸ ਸਾਰੇ ਵੇਰਵੇ





ਤੋਂ ਪਤਾ ਲੱਗਦਾ ਹੈ ਕਿ ਭਾਵੇਂ ਵਿਸੁਏ, ਚਸੇ, ਘੜੀਆਂ, ਰੁੱਤਾਂ ਆਦਿ ਅਨੇਕ ਹਨ ਪਰ ਸੂਰਜ ਇੱਕ ਹੀ ਹੈ। ਇਸੇ ਤਰ੍ਹਾਂ ਭਾਵੇਂ 6 ਘਰ, 6 ਗੁਰੂ ਅਤੇ ਇਨ੍ਹਾਂ ਦੇ 6 ਉਪਦੇਸ਼ ਹਨ ਪਰ ਕਰਤਾਰ ਇੱਕ ਹੀ ਹੈ।

**11. ਧਨਾਸਰੀ ਰਾਗੁ ਵਿੱਚ ਉਚਾਰਨ ਕੀਤੀ ਗਈ ਆਰਤੀ ਵਿੱਚ ਗੁਰੂ ਸਾਹਿਬ ਨੇ ਬਨਾਵਟੀ ਆਰਤੀ ਨੂੰ ਕੁਦਰਤ ਵਿੱਚ ਹੋ ਰਹੀ ਅਸਲ ਆਰਤੀ ਨਾਲ ਕਿਵੇਂ ਜੋੜਿਆ ਹੈ ?**

ਗੁਰੂ ਸਾਹਿਬ ਨੇ ਸਮਝਾਇਆ ਹੈ ਕਿ ਮੰਨ ਲਵੋ :

| | |
|---|---|
| **ਥਾਲ** | ਸਮੁੱਚਾ ਆਕਾਸ਼ ਹੈ। |
| **ਦੀਵੇ** | ਸੂਰਜ ਅਤੇ ਚੰਦਰਮਾ ਹਨ। |
| **ਮੋਤੀ** | ਸਾਰੇ ਤਾਰੇ ਹਨ |
| **ਧੂਪ** | ਮਲਯ ਪਹਾੜ ਵੱਲੋਂ ਆਉਣ ਵਾਲੀ ਹਵਾ ਹੈ। |
| **ਚੌਰ** | ਹਵਾ ਚੌਰ ਕਰ ਰਹੀ ਹੈ। |
| **ਫੁੱਲ** | ਸਾਰੀ ਬਨਸਪਤੀ ਹੀ ਫੁੱਲ ਹੈ। |

ਗੁਰੂ ਸਾਹਿਬ ਫੁਰਮਾਉਂਦੇ ਹਨ ਕਿ ਸਾਨੂੰ ਬਨਾਵਟੀ ਆਰਤੀ ਕਰਨ ਦੀ ਲੋੜ ਨਹੀਂ, ਕਿਉਂਕਿ ਕੁਦਰਤ ਵਿੱਚ ਪਹਿਲਾਂ ਹੀ ਬੜੀ ਸੁੰਦਰ ਆਰਤੀ ਹੋ ਰਹੀ ਹੈ।

**12. ਸਾਰੇ ਜੀਵਾਂ ਵਿੱਚ ਉਸ ਪ੍ਰਮਾਤਮਾ ਦੀ ਜੋਤ ਵਰਤ ਰਹੀ ਹੈ ਪਰ ਸਾਨੂੰ ਇਸ ਦਾ ਗਿਆਨ ਕਿਵੇਂ ਹੋ ਸਕਦਾ ਹੈ ?**

ਪ੍ਰਮਾਤਮਾ ਦੀ ਜੋਤ ਦਾ ਗਿਆਨ ਸਾਨੂੰ ਗੁਰੂ ਦੀ ਸਿੱਖਿਆ ਨਾਲ ਹੀ ਹੋ ਸਕਦਾ ਹੈ **(ਗੁਰ ਸਾਖੀ ਜੋਤਿ ਪਰਗਟੁ ਹੋਇ॥)**

**13. ਸਾਡਾ ਸਰੀਰ ਕਿਹੜੇ ਵਿਕਾਰਾਂ ਨਾਲ ਭਰਿਆ ਹੋਇਆ ਹੈ ਅਤੇ ਉਨ੍ਹਾਂ ਤੋਂ ਖਲਾਸੀ ਕਿਵੇਂ ਮਿਲ ਸਕਦੀ ਹੈ ?**

**ਉੱਤਰ :** ਮਨੁੱਖ ਦਾ ਸਰੀਰ ਕਾਮ ਅਤੇ ਕ੍ਰੋਧ ਨਾਲ ਭਰਿਆ ਰਹਿੰਦਾ ਹੈ ਅਤੇ ਸੰਤ ਸੰਗਤ ਰਾਹੀਂ ਗੁਰੂ ਦੀ ਪ੍ਰਾਪਤੀ ਕਰਕੇ ਹੀ ਇਸ ਨੂੰ ਖੰਡਤ ਕੀਤਾ ਜਾ ਸਕਦਾ ਹੈ।

**14. ਰੱਬ ਨਾਲ ਟੁੱਟੇ ਮਨੁੱਖਾਂ ਦੀ ਕੀ ਹਾਲਤ ਹੁੰਦੀ ਹੈ ?**

**ਉੱਤਰ :** ਰੱਬ ਨਾਲ ਟੁੱਟੇ ਮਨੁੱਖ ਸਾਕਤ ਹਨ ਅਤੇ ਉਨ੍ਹਾਂ ਦੇ ਅੰਦਰ ਮੰਨ ਲਵੋ ਜਿਵੇਂ ਹਉਮੈਂ ਦਾ ਕੰਢਾ ਚੁਭਿਆ ਹੋਇਆ ਹੈ ਭਾਵੇਂ ਉਹ ਮਖਮਲੀ ਜੁੱਤੀ (ਬਾਹਰਲੇ ਧਾਰਮਿਕ ਕਰਮ ਕਾਂਡ ਤੇ ਭੇਖ) ਵੀ ਪਾ ਲੈਣ ਤਾਂ ਵੀ ਹਉਮੈ ਦਾ ਕੰਢਾ ਉਨ੍ਹਾਂ ਨੂੰ ਦੁਖੀ ਕਰਦਾ ਰਹੇਗਾ। **(ਸਾਕਤ ਹਰਿ ਰਸੁ ਸਾਦੁ ਨ ਜਾਣਿਆ ਤਿਨ ਅੰਤਰਿ ਹਉਮੈ ਕੰਢਾ ਹੇ॥ ਜਿਉ ਜਿਉ ਚਲਹਿ ਚੁਭੈ ਦੁਖੁ ਪਾਵੈ ਜਮਕਾਲਿ ਸਹੈ ਸਿਰਿ ਡੰਡਾ ਹੇ॥)**

**15. ਸੋਹਿਲਾ ਬਾਣੀ ਦੇ ਅਖੀਰਲੇ ਸ਼ਬਦ "ਕਰਉ ਬੇਨੰਤੀ ਸੁਣਹੁ..." ਵਿੱਚ ਕੀ ਸੰਦੇਸ਼ ਮਿਲਦਾ ਹੈ ?**

ਇਸ ਸ਼ਬਦ ਰਾਹੀਂ ਸਾਡੇ ਮਨ ਨੂੰ ਹਲੂਣਾ ਮਿਲਦਾ ਹੈ ਕਿ, ਐ ਮੇਰੇ ਮਨ! ਗੁਰੂ ਨਾਲ ਮਿਲ ਕੇ ਆਪਣਾ ਜੀਵਨ ਸਫ਼ਲਾ ਕਰ ਲੈ, ਕਿਉਂਕਿ ਇਕ-ਇਕ ਦਿਨ ਰਾਤ ਬੀਤ ਕੇ ਤੇਰੀ ਉਮਰ ਘਟਦੀ ਜਾ ਰਹੀ ਹੈ।





# ੩

## ਰਹਰਾਸਿ ਚੋਣਵੇਂ ਸ਼ਬਦਾਂ ਦੇ ਅਰਥ

| | | |
|---|---|---|
| ਦਰੁ | - | ਦਰਵਾਜ਼ਾ |
| ਨਾਦ | - | ਆਵਾਜ਼ |
| ਵਾਵਣਹਾਰੇ | - | ਵਜਾਣ ਵਾਲੇ |
| ਬੈਸੰਤਰੁ | - | ਅੱਗ |
| ਚਿਤੁ ਗੁਪਤੁ | - | ਕੀਤੇ ਕਰਮਾਂ ਦੇ ਲੇਖੇ ਲਿਖਣ ਵਾਲੇ |
| ਜਤੀ | - | ਕਾਮ-ਵਾਸ਼ਨਾ ਨੂੰ ਰੋਕਣ ਵਾਲੇ |
| ਸਤੀ | - | ਦਾਨੀ |
| ਵੀਰ | - | ਸੂਰਮੇ |
| ਕਰਾਰੇ | - | ਤਕੜੇ |
| ਰਖੀਸੁਰ | - | ਵੱਡੇ ਵੱਡੇ ਰਿਖੀ |
| ਮਛੁ | - | ਮਾਤ ਲੋਕ |
| ਪਇਆਲੇ | - | ਪਾਤਾਲ ਲੋਕ |
| ਅਠਸਠਿ | - | ਅਠਾਹਠ (8+60=68) |
| ਮਹਾਬਲ | - | ਵੱਡੇ ਬਲ ਵਾਲੇ |
| ਖਾਣੀ | - | ਜਿਸ ਨੂੰ ਪੁੱਟ ਕੇ ਵਿੱਚੋਂ ਧਾਤਾਂ ਜਾਂ ਰਤਨ ਨਿਕਲਦੇ ਹਨ |

| | | |
|---|---|---|
| ਚਾਰੇ | - | ਅੰਡਜ, ਜੇਰਜ, ਸੇਤਜ, ਉਤਭੁਜ |
| ਖੰਡ | - | ਟੋਟਾ |
| ਮੰਡਲ | - | ਚੱਕ੍ਰ |
| ਬ੍ਰਹਿਮੰਡ | - | ਸਾਰੀ ਸ੍ਰਿਸ਼ਟੀ |
| ਰਤੇ | - | ਰੱਤੇ, ਰੰਗੇ ਹੋਏ, ਪ੍ਰੇਮ ਵਿੱਚ ਮਸਤ |
| ਨਾਈ | - | ਵਡਿਆਈ |
| ਜਾਇ ਨ | - | ਜੰਮਦਾ ਨਹੀਂ |
| ਨ ਜਾਸੀ | - | ਨਾ ਹੀ ਮਰੇਗਾ |
| ਰੰਗੀ ਰੰਗੀ | - | ਕਈ ਰੰਗਾਂ ਦੀ |
| ਭਾਤੀ | - | ਕਈ ਕਿਸਮਾਂ ਦੀ |
| ਜਿਨਸੀ | - | ਕਈ ਜਿਨਸਾਂ ਦੀ |
| ਉਪਾਈ | - | ਪੈਦਾ ਕੀਤੀ ਹੈ |
| ਵਡਿਆਈ | - | ਰਜ਼ਾ |
| ਕਰਸੀ | - | ਕਰੇਗਾ |
| ਸਾਹਾ | - | ਸ਼ਾਹਾਂ ਦਾ |
| ਪਤਿ ਸਾਹਿਬੁ | - | ਪਾਤਿਸ਼ਾਹ. ਮਾਲਿਕ |
| ਰਜਾਈ | - | ਰਜ਼ਾ ਵਿੱਚ |
| ਕੇਵਡੁ | - | ਕੇਡਾ |
| ਡੀਠਾ | - | ਵੇਖਿਆਂ ਹੀ |
| ਗਹਿਰ | - | ਡੂੰਘੇ |





| | | |
|---|---|---|
| ਗੰਭੀਰਾ | - | ਵੱਡੇ ਜਿਗਰ ਵਾਲੇ |
| ਗੁਣੀ ਗਹੀਰਾ | - | ਬੇਅੰਤ ਗੁਣਾਂ ਦੇ ਮਾਲਕ |
| ਚੀਰਾ | - | ਚੌੜਾਈ, ਵਿਸਥਾਰ |
| ਗੁਰ ਹਾਈ | - | ਗੁਰ ਭਾਈ, ਅਜਿਹੇ ਹੋਰ ਕਈ ਵੱਡੇ |
| ਸਭਿ ਸਤ | - | ਸਾਰੇ ਭਲੇ ਕੰਮ |
| ਸਿਧੀ | - | ਸਫ਼ਲਤਾ, ਕਾਮਯਾਬੀ |
| ਕਰਮਿ | - | ਬਖ਼ਸ਼ਿਸ਼ |
| ਠਾਕਿ | - | ਰੋਕ |
| ਚਾਰਾ | - | ਜ਼ੋਰ, ਯਤਨ |
| ਆਖਾ | - | ਉਚਾਰਦਾ ਹਾਂ |
| ਉਤੁ ਭੂਖੈ | - | ਉਸ ਭੁੱਖ ਦੇ ਕਾਰਨ |
| ਚਲੀਅਹਿ | - | ਦੂਰ ਹੋ ਜਾਂਦੇ ਹਨ |
| ਤਿਲੁ | - | ਰਤਾ ਭਰ ਵੀ |
| ਆਖਣਿ ਪਾਹਿ | - | ਆਖਣ ਦਾ ਜਤਨ ਕਰਨ |
| ਸੋਗੁ | - | ਅਫ਼ਸੋਸ |
| ਨ ਚੂਕੈ | - | ਨਹੀਂ ਮੁੱਕਦਾ |
| ਭੋਗੁ | - | ਵਰਤਣਾ |
| ਜੇਵਡੁ | - | ਜਿਤਨਾ ਵੱਡਾ |
| ਤੇਵਡ | - | ਉਤਨੀ ਵੱਡੀ |
| ਕਮਜਾਤਿ | - | ਭੈੜੀ ਜਾਤ ਵਾਲੇ |

| | | |
|---|---|---|
| ਬਾਝੁ | - | ਬਿਨਾਂ |
| ਸਨਾਤਿ | - | ਨੀਚ |
| ਬਿਨਉ | - | ਬੇਨਤੀ |
| ਕੀਰੇ ਕਿਰਮ | - | ਨਿਮਾਣੇ ਜਾਂ ਦੀਨ ਜੀਵ |
| ਪਰਗਾਸਿ | - | ਪਰਗਟ, ਚਾਨਣ |
| ਮੋ ਕਉ | - | ਮੈਨੂੰ, ਮੇਰੇ ਅੰਦਰ |
| ਪ੍ਰਾਨ ਸਖਾਈ | - | ਜਿੰਦ ਦੇ ਸਾਥੀ |
| ਕੀਰਤਿ | - | ਸੋਭਾ, ਸਿਫਤਿ ਸਾਲਾਹ |
| ਰਹਰਾਸਿ | - | ਰਾਹ ਦੀ ਰਾਸਿ, ਖਰਚੀ |
| ਤ੍ਰਿਪਤਾਸਹਿ | - | ਰੱਜ ਜਾਂਦੇ ਹਨ |
| ਧ੍ਰਿਗੁ ਜੀਵੇ | - | ਲਾਹਨਤ ਹੈ |
| ਧੁਰਿ | - | ਧੁਰ ਤੋਂ, ਪ੍ਰਮਾਤਮਾ ਵੱਲੋਂ |
| ਲਿਖਾਸਿ | - | ਲੇਖ |
| ਕਾਹੇ | - | ਕਿਉਂ ? |
| ਚਿਤਵਹਿ | - | ਤੂੰ ਸੋਚਦਾ ਹੈਂ |
| ਪਰਿਆ | - | ਪਿਆ ਹੋਇਆ ਹੈ |
| ਸੈਲ | - | ਚੱਟਾਨ |
| ਮਾਧਉ | - | ਮਾਇਆ ਦੇ ਪਤੀ |
| ਪਰਸਾਦਿ | - | ਕਿਰਪਾ |
| ਪਰਮ ਪਦੁ | - | ਸਭ ਤੋਂ ਉੱਚਾ ਆਤਮਿਕ ਦਰਜਾ |





| | | |
|---|---|---|
| ਕਾਸਟ | - | ਲੱਕੜੀ |
| ਜਨਨਿ | - | ਮਾਂ |
| ਸੁਤ | - | ਪੁੱਤਰ |
| ਬਨਿਤਾ | - | ਵਹੁਟੀ |
| ਧਰਿਆ | - | ਆਸਰਾ |
| ਸਿਰਿ ਸਿਰਿ | - | ਹਰੇਕ ਸਿਰ ਉੱਤੇ |
| ਸੰਬਾਹੇ | - | ਅਪੜਾਂਦਾ ਹੈ |
| ਊਡੇ ਊਡਿ | - | ਉਡ ਉਡ ਕੇ |
| ਸੈ | - | ਸੈਂਕੜੇ |
| ਬਚਰੇ | - | ਨਿੱਕੇ ਨਿੱਕੇ ਬੱਚੇ |
| ਛਰਿਆ | - | ਛੱਡੇ ਹੋਏ |
| ਚੁਗਾਵੈ | - | ਚੋਗਾ ਦੇਣਾ |
| ਖਲਾਵੈ | - | ਖੁਆਲਦਾ ਹੈ |
| ਕਵਣੁ | - | ਕੌਣ |
| ਨਿਧਾਨ | - | ਖ਼ਜ਼ਾਨੇ |
| ਦਸ ਅਸਟ | - | ਅਠਾਰ੍ਹਾਂ (10+8=18) |
| ਸਿਧਾਨ | - | ਸਿੱਧੀਆਂ |
| ਪਾਰਾਵਰਿਆ | - | ਪਾਰਲਾ ਉਰਲਾ ਬੰਨਾ |
| ਨਿਰੰਜਨੁ | - | ਮਾਇਆ ਦੇ ਪ੍ਰਭਾਵ ਤੋਂ ਰਹਿਤ |
| ਅਗਮ | - | ਅਪਹੁੰਚ |

| | | |
|---|---|---|
| ਦਾਤਾਰਾ | - | ਰਾਜ਼ਕ |
| ਠਾਕੁਰੁ | - | ਮਾਲਕ |
| ਘਟ | - | ਸਰੀਰ |
| ਨਿਰੰਤਰਿ | - | ਇਕ ਰਸ |
| ਅੰਤਰੁ | - | ਵਿੱਥ |
| ਵਿਡਾਣ | - | ਅਚਰਜ |
| ਵਖਾਣਾ | - | ਮੈਂ ਬਿਆਨ ਕਰਾਂ |
| ਸੇਵਹਿ | - | ਸਿਮਰਦੇ ਹਨ |
| ਫਾਸੀ | - | ਫਾਹੀ |
| ਗਵਾਸੀ | - | ਦੂਰ ਕਰ ਦੇਂਦਾ ਹੈ |
| ਸਮਾਸੀ | - | ਮਿਲ ਜਾਂਦੇ ਹਨ |
| ਬਲਿ ਜਾਸੀ | - | ਸਦਕੇ ਜਾਣਾ |
| ਭਗਤਿ ਭੰਡਾਰ | - | ਭਗਤੀ ਦੇ ਖਜ਼ਾਨੇ |
| ਸਿਮ੍ਰਿਤਿ | - | ਹਿੰਦੂਆਂ ਦੀ ਧਾਰਮਿਕ ਪੁਸਤਕ |
| ਸਾਸਤ | - | ਹਿੰਦੂ ਧਰਮ ਦੇ ਫਲਸਫੇ ਦੀ ਪੁਸਤਕ |
| ਖਟੁ | - | ਛੇ (6) |
| ਭਾਵਹਿ | - | ਚੰਗੇ ਲੱਗਦੇ ਹਨ |
| ਆਦਿ | - | ਮੁੱਢ |
| ਅਪਰੰਪਰੁ | - | ਜਿਸ ਦਾ ਉਰਲੇ ਤੋਂ ਪਰਲਾ ਬੰਨ੍ਹਾ ਨ ਲੱਭ ਸਕੇ |
| ਅਵਰੁ | - | ਹੋਰ |



ਰਹਰਾਸਿ ਅਤੇ ਸੋਹਿਲਾ—ਸੁਆਲ-ਜਵਾਬ

| | | |
|---|---|---|
| ਨਿਹਚਲੁ | - | ਨਾ ਹਿੱਲਣ ਵਾਲਾ |
| ਉਪਾਈ | - | ਪੈਦਾ ਕੀਤੀ |
| ਸਿਰਜਿ | - | ਪੈਦਾ ਕਰ ਕੇ |
| ਗੋਈ | - | ਨਾਸ ਕੀਤੀ |
| ਜਾਣੋਈ | - | ਜਾਨਣ ਵਾਲਾ |
| ਮੈਡਾ | - | ਮੇਰਾ |
| ਸਾਂਈ | - | ਖਸਮ |
| ਤਉ | - | ਤੈਨੂੰ |
| ਥੀਸੀ | - | ਹੋਵੇਗਾ |
| ਗੁਰਮੁਖ | - | ਮੂੰਹ ਗੁਰੂ ਵੱਲ |
| ਮਨਮੁਖਿ | - | ਮੂੰਹ ਆਪਣੇ ਮਨ ਵੱਲ |
| ਸੋਇ | - | ਸਾਰ |
| ਸਰਵਰੜੈ | - | ਭਿਆਨਕ ਤਲਾਬ ਵਿੱਚ |
| ਭਈਲੇ | - | ਹੋਇਆ ਹੈ |
| ਪਾਵਕੁ | - | ਅੱਗ |
| ਪੰਕ | - | ਚਿੱਕੜ |
| ਪੰਕ ਜੁ ਮੋਹ | - | ਮੋਹ ਦਾ ਚਿੱਕੜ |
| ਮੂੜ ਮਨਾ | - | ਹੇ ਮੂਰਖ ਮਨ |
| ਗਲਿਆ | - | ਘਟਦੇ ਜਾ ਰਹੇ ਹਨ |
| ਹਉ | - | ਮੈਂ |

| | | |
|---|---|---|
| ਜਤੀ | - | ਕਾਮ ਵਾਸ਼ਨਾ ਨੂੰ ਰੋਕਣ ਵਾਲਾ |
| ਸਤੀ | - | ਉੱਚੇ ਆਚਰਨ ਵਾਲਾ |
| ਮੁਗਧ | - | ਮੂਰਖ |
| ਪ੍ਰਣਵਤਿ | - | ਬੇਨਤੀ ਕਰਦਾ ਹੈ |
| ਭਈ ਪਰਾਪਤਿ | - | ਮਿਲੀ ਹੈ |
| ਦੇਹੁਰੀਆ | - | ਸੋਹਣੀ ਦੇਹ |
| ਬਰੀਆ | - | ਵਾਰੀ, ਮੌਕਾ |
| ਭਜੁ | - | ਯਾਦ ਕਰ, ਸਿਮਰ |
| ਸਰੰਜਾਮਿ | - | ਇੰਤਜ਼ਾਮ ਵਿੱਚ |
| ਭਵਜਲ | - | ਸੰਸਾਰ ਸਮੁੰਦਰ |
| ਸੰਜਮੁ | - | ਮਨ ਨੂੰ ਵਿਕਾਰਾਂ ਵੱਲੋਂ ਰੋਕਣਾ |
| ਸਰਮਾ | - | ਸਰਮ, ਲਾਜ |
| ਤਵ | - | ਤੁਹਾਡੇ |
| ਪ੍ਰਤਿਪਾਰਾ | - | ਪ੍ਰਤਿਪਾਲਣਾ |
| ਘਾਵਹੁ | - | ਮਾਰ ਮੁਕਾਉ |
| ਕਰ | - | ਹੱਥ |
| ਸੰਘਰਿਯੈ | - | ਮਾਰ ਦਿਉ |
| ਸਤ੍ਰ | - | ਦੁਸ਼ਮਨ |
| ਉਬਰਿਯੈ | - | ਬਚਾ ਲਵੋ |
| ਤ੍ਰਾਸ | - | ਡਰ ਤੇ ਕਸ਼ਟ |





| | | |
|---|---|---|
| ਅਸਿਧੁਜ | - | ਭਾਵ ਅਕਾਲ ਪੁਰਖ |
| ਹੂਜੋ | - | ਹੋ ਜਾਉ |
| ਪੱਛਾ | - | ਪੱਖੀ, ਮੱਦਦਗਾਰ |
| ਸੰਤ ਸਹਾਇ | - | ਸੰਤਾਂ ਦੀ ਸਹਾਇਤਾ ਕਰਨ ਵਾਲੇ |
| ਦੀਨ ਬੰਧੁ | - | ਦੀਨਾਂ ਦੇ ਮਿੱਤਰ |
| ਹੰਤਾ | - | ਨਾਸ ਕਰਨ ਵਾਲੇ |
| ਚਤੁਰ ਦਸ | - | ਚੌਦਾਂ (4+10=14) |
| ਕੰਤਾ | - | ਮਾਲਕ |
| ਕਾਲ | - | ਅਕਾਲ ਪੁਰਖ |
| ਜਵਨ | - | ਜਿਸ |
| ਜੱਛਨ | - | ਯਕਸ਼ (ਦੇਵਤਿਆਂ ਦੀ ਇੱਕ ਜਾਤੀ) |
| ਸੋਈ | - | ਉਹੀ |
| ਸਕਲ | - | ਸਾਰੀ |
| ਸਿਵਕਨ | - | ਸੇਵਕ |
| ਸਿਵਗੁਨ | - | ਸ਼ੁਭ ਗੁਣ |
| ਬਧ | - | ਮਾਰ |
| ਘਟ ਘਟ | - | ਹਰੇਕ ਸਰੀਰ |
| ਕੁੰਚਰ | - | ਹਾਥੀ |
| ਸਾਧੁਨ | - | ਸੰਤ |
| ਪਟ | - | ਪਰਦਾ |

ਉਦਕਰਖ - ਵਿਸਥਾਰ ਕਰਨ ਵਾਲੀ ਸ਼ਕਤੀ
ਆਕਰਖ - ਸਮੇਟਣ ਵਾਲੀ ਸ਼ਕਤੀ
ਦੇਹ ਧਰ - ਦੇਹ ਧਾਰੀ, ਜੀਵ
ਬਦਨ - ਸਰੀਰ
ਭੇਦ - ਰਹੱਸਵਾਦੀ

ਆਲਮ - ਗਿਆਨਵਾਨ
ਨਿਰੰਕਾਰ - ਅਕਾਰ ਤੋਂ ਰਹਿਤ
ਨ੍ਰਿਬਿਕਾਰ - ਵਿਕਾਰਾਂ ਤੋਂ ਰਹਿਤ
ਨਿਰਲੰਭ - ਆਸਰੇ ਤੋਂ ਰਹਿਤ
ਅਨੀਲ - ਰੂਪ ਰੰਗ ਤੋਂ ਰਹਿਤ

ਅਨਾਦਿ - ਅਨ-ਆਦਿ, ਮੁੱਢ ਤੋਂ ਰਹਿਤ
ਅਸੰਭਿ - ਜਨਮ ਤੋਂ ਰਹਿਤ
ਪਾਹਨ - ਪੱਥਰ
ਅਨੁਮਾਨਤ - ਅੰਦਾਜ਼ਾ ਲਗਾਉਂਦਾ ਹੈ
ਮਹਾਦੇਵ - ਸ਼ਿਵਜੀ

ਸਦਾ ਸਿਵ - ਪਰਮਾਤਮਾ
ਚੀਨਤ - ਪਛਾਣ
ਭਿਵ - ਭੇਦ
ਬਰਨਤ - ਵਰਣਨ ਕਰਨਾ
ਅਨੂਪ - ਬੇਮਿਸਾਲ





ਰਾਵ - ਅਮੀਰ
ਸੇਤਜ - ਪਸੀਨੇ ਤੋਂ ਪੈਦਾ ਹੋਣ ਵਾਲੇ
ਉਤਭੁਜ - ਧਰਤੀ ਚੋਂ ਉੱਗਣ ਵਾਲੇ ਬੂਟੇ
ਫੂਲ ਰਾਜਾ - ਕੰਵਲ ਫੁੱਲ ਤੋਂ ਪੈਦਾ ਹੋਇਆ
ਸੁਯੰਭਵ - ਸੈਭੰ, ਸੁਤੇ ਪ੍ਰਕਾਸ਼

ਉਬਾਰਿ - ਬਚਾ ਕੇ
ਸੰਘਰੋ - ਮਾਰ ਮੁਕਾਓ
ਮਲੇਛ - ਰਾਖਸ਼ ਬੁੱਧੀ ਵਾਲੇ
ਘਾਤਾ - ਨਾਸ਼
ਅਰਿਸਟ - ਕਸ਼ਟ, ਸੰਕਟ

ਨਿਹਰਿਹੋ - ਦੇਖਦੇ ਹੋ
ਤਨਕ ਮੋ - ਖਿਨ ਭਰ ਵਿੱਚ
ਛਾਹ - ਪਰਛਾਵੇਂ ਨੂੰ
ਛ੍ਵੈ ਸਕੈ ਨ - ਛੂਹ ਨਹੀਂ ਸਕਦਾ
ਸੰਭਾਰਾ - ਸੰਮ੍ਹਾਲਿਆ, ਚਿੰਤਨ ਕੀਤਾ

ਖੜਗ ਕੇਤ - ਕਿਰਪਾਨ ਦੇ ਚਿੰਨ੍ਹ ਵਾਲਾ ਝੰਡਾ ਰੱਖਣ ਵਾਲਾ ਭਾਵ ਅਕਾਲ ਪੁਰਖ
ਠੌਰ - ਥਾਂ
ਪਾਂਇ - ਪੈਰ
ਗਹੇ - ਪਕੜ ਲਏ

| | | |
|---|---|---|
| ਆਂਖ ਤਰੇ | - | ਅੱਖ ਥੱਲੇ |
| | | |
| ਸ੍ਰੀ ਅਸਿਪਾਨ | - | ਸ਼ਸਤ੍ਰਧਾਰੀ ਵਾਹਿਗੁਰੂ |
| ਬਖਾਨਯੋ | - | ਕਥਨ ਕੀਤਾ ਹੈ |
| ਗਹਿਓ | - | ਪਕੜਿਆ ਹੈ |
| ਅਸ | - | ਹੈ |
| ਸਭਸੁ | - | ਹਰੇਕ ਜੀਵ ਨੂੰ |
| | | |
| ਉਧਾਰੋ | - | ਪਾਰ-ਉਤਾਰਾ |
| ਤਜੀ | - | ਤਿਆਗੀ |
| ਉਰਿ | - | ਹਿਰਦੇ ਵਿੱਚ |
| ਧਾਰੋ | - | ਟਿਕਾਓ |
| ਤਮ | - | ਹਨੇਰਾ |
| | | |
| ਬ੍ਰਹਮ ਪਸਾਰੋ | - | ਪਰਮਾਤਮਾ ਦਾ ਖਿਲਾਰਾ |
| ਜਾਤੋ ਨਾਹੀ | - | ਮੈਂ ਕਦਰ ਨਹੀਂ ਸਮਝੀ |
| ਜੋਗੁ | - | ਲਾਇਕ |
| ਮਿਹਰਾਮਤਿ | - | ਮਿਹਰ, ਦਇਆ |
| ਥੀਵੈ | - | ਹੋ ਜਾਂਦਾ ਹੈ |





# 8

## ਸੋਹਿਲਾ ਚੋਣਵੇਂ ਸ਼ਬਦਾਂ ਦੇ ਅਰਥ

| | | |
|---|---|---|
| ਜੈ ਘਰਿ | - | ਜਿਸ ਘਰੁ ਵਿੱਚ |
| ਕੀਰਤਿ | - | ਸਿਫਤਿ ਸਾਲਾਹ |
| ਸੋਹਿਲਾ | - | ਸੁਹਾਗ ਦਾ ਗੀਤ, ਸਿਫਤਿ ਸਾਲਾਹ |
| ਨਿਤ ਨਿਤ | - | ਸਦਾ ਹੀ, ਹਮੇਸ਼ਾਂ |
| ਸਮਾਲੀਅਨਿ | - | ਸਮਾਲੀਦੇ ਹਨ |
| | | |
| ਦਾਨੈ ਕੀਮਤਿ | - | ਦਾਨ ਦਾ ਮੁੱਲ, ਬਖਸ਼ਿਸ਼ਾਂ ਦਾ ਮੁੱਲ |
| ਸੁਮਾਰੁ | - | ਅੰਦਾਜ਼ਾ |
| ਸੰਬਤਿ | - | ਸਾਲ, ਵਰ੍ਹਾ |
| ਸਾਹਾ | - | ਵਿਆਹੇ ਜਾਣ ਦਾ ਦਿਨ |
| ਅਸੀਸੜੀਆ | - | ਅਸੀਸਾਂ |
| | | |
| ਪਾਹੁਚਾ | - | ਸੱਦਾ, ਸਾਹੇ ਦੀ ਚਿੱਠੀ |
| ਪਵੰਨਿ | - | ਪੈਂਦੇ ਹਨ |
| ਸਦੜੇ | - | ਸੱਦੇ |
| ਦਿਹ | - | ਦਿਹਾੜਾ |
| ਛਿਅ | - | ਛੇ |

| | | |
|---|---|---|
| ਘਰ | - | ਸ਼ਾਸਤਰ |
| ਵੇਸ | - | ਰੂਪ |
| ਬਾਬਾ | - | ਹੇ ਭਾਈ |
| ਰਾਖੁ | - | ਸੰਭਾਲ |
| ਤੋਇ | - | ਤੇਰੀ |
| | | |
| ਰਵਿ | - | ਸੂਰਜ |
| ਜਨਕ | - | ਜਾਣੋ, ਮੰਨ ਲਵੋ |
| ਬਨਰਾਇ | - | ਬਨਸਪਤੀ |
| ਫੂਲੰਤ | - | ਫੁੱਲ ਦੇ ਰਹੀ ਹੈ |
| ਭਵ ਖੰਡਨਾ | - | ਜਨਮ ਮਰਨ ਕੱਟਣ ਵਾਲਾ |
| | | |
| ਅਨਹਤਾ | - | ਜੋ ਬਿਨਾਂ ਵਜਾਏ ਵੱਜੇ |
| ਭੇਰੀ | - | ਨਗਾਰਾ |
| ਸਹਸ | - | ਹਜ਼ਾਰਾਂ |
| ਨੈਨ | - | ਅੱਖਾਂ |
| ਨਨ | - | ਕੋਈ ਨਹੀਂ |
| | | |
| ਪਦ | - | ਪੈਰ |
| ਬਿਮਲ | - | ਸਾਫ਼ |
| ਗੰਧ | - | ਨੱਕ |
| ਚਲਤ | - | ਕੌਤਕ, ਅਚਰਜ ਖੇਡ |





| | | |
|---|---|---|
| ਸਾਖੀ | - | ਸਿੱਖਿਆ ਨਾਲ |
| ਮਕਰੰਦ | - | ਫੁੱਲਾਂ ਦਾ ਰਸ |
| ਆਹੀ | - | ਹੈ |
| ਸਾਰਿੰਗ | - | ਪਪੀਹਾ |
| ਨਗਰੁ | - | ਸਰੀਰ |
| ਖੰਡਲ ਖੰਡਾ | - | ਤੋੜਨਾ |
| | | |
| ਪੂਰਬਿ | - | ਪਹਿਲਾਂ ਬੀਤਿਆ ਸਮਾਂ |
| ਮੰਡਲ ਮੰਡਾ | - | ਜੜਨਾ, ਜੋੜਨਾ |
| ਅੰਜੁਲੀ | - | ਦੋਵੇਂ ਹੱਥ ਜੋੜ ਕੇ |
| ਪੁਨੁ | - | ਭਲਾ |
| ਡੰਡਉਤ | - | ਲੰਮੇ ਪੈ ਕੇ ਨਮਸਕਾਰ |
| | | |
| ਸਾਕਤ | - | ਰੱਬ ਨਾਲੋਂ ਟੁੱਟੇ ਮਨੁੱਖ |
| ਸਾਦੁ | - | ਸੁਆਦ |
| ਜਮ ਕਾਲੁ | - | ਮੌਤ |
| ਸਮਾਣੇ | - | ਲੀਨ, ਮਸਤ |
| ਖੰਡ ਬ੍ਰਹਿਮੰਡਾ | - | ਸਾਰੇ ਜਗਤ ਵਿੱਚ |
| | | |
| ਅਧਾਰੁ | - | ਆਸਰਾ |
| ਬੇਲਾ | - | ਵੇਲਾ, ਮੌਕਾ |
| ਈਹਾ | - | ਇੱਥੇ ਹੀ, ਇਸੇ ਜਨਮ ਵਿੱਚ ਹੀ |

| | | |
|---|---|---|
| ਖਾਟਿ | - | ਖੱਟ ਕੇ |
| ਬਸਨੁ | - | ਵੱਸਣਾ, ਵੱਸੋਂ |
| ਸੁਹੇਲਾ | - | ਸੌਖਾ |
| ਅਉਧ | - | ਉਮਰ |
| ਬਿਹਾਝਹੁ | - | ਖਰੀਦੋ, ਵਣਜੁ ਕਰੋ |
| ਮਹਲੁ | - | ਟਿਕਾਣਾ |
| ਬਹੁਰਿ | - | ਫਿਰ |
| ਅੰਤਰਜਾਮੀ | - | ਦਿਲਾਂ ਦੀਆਂ ਜਾਨਣ ਵਾਲਾ |
| ਧੂਰੇ | - | ਚਰਨ ਧੂੜ |





# ੫ ਰਹਰਾਸਿ ਅਰਥ-ਵਿਚਾਰ

**ਸੋ ਦਰੁ ਤੇਰਾ ਕੇਹਾ ਸੋ ਘਰੁ ਕੇਹਾ ਜਿਤੁ ਬਹਿ ਸਰਬ ਸਮਾਲੇ॥**
**ਵਾਜੇ ਤੇਰੇ ਨਾਦ ਅਨੇਕ ਅਸੰਖਾ ਕੇਤੇ ਤੇਰੇ ਵਾਵਣਹਾਰੇ ॥**
**ਕੇਤੇ ਤੇਰੇ ਰਾਗ ਪਰੀ ਸਿਉ ਕਹੀਅਹਿ ਕੇਤੇ ਤੇਰੇ ਗਾਵਣਹਾਰੇ॥**

(ਹੇ ਪ੍ਰਭੂ!) ਤੇਰਾ ਉਹ ਘਰ ਅਤੇ (ਘਰ ਦਾ) ਉਹ ਦਰਵਾਜ਼ਾ ਬੜਾ ਹੀ ਅਸਚਰਜ ਹੋਵੇਗਾ, ਜਿੱਥੇ ਬੈਠ ਕੇ ਤੂੰ ਸਾਰੇ ਜੀਵਾਂ ਦੀ ਸੰਭਾਲ ਕਰ ਰਿਹਾ ਹੈਂ। (ਤੇਰੀ ਰਚੀ ਕੁਦਰਤ ਵਿੱਚ) ਅਨੇਕਾਂ ਤੇ ਅਣਗਿਣਤ ਵਾਜੇ ਤੇ ਰਾਗ ਹਨ; ਬੇਅੰਤ ਹੀ ਜੀਵ (ਉਹਨਾਂ ਨੂੰ) ਵਜਾਉਣ ਵਾਲੇ ਹਨ। ਰਾਗਣੀਆਂ ਸਮੇਤ ਬੇਅੰਤ ਹੀ ਰਾਗਾਂ ਦੇ ਨਾਮ ਲਏ ਜਾਂਦੇ ਹਨ। ਅਨੇਕਾਂ ਹੀ ਜੀਵ (ਇਹਨਾਂ ਰਾਗ-ਰਾਗਣੀਆਂ ਦੇ ਰਾਹੀਂ ਤੈਨੂੰ) ਗਾਉਣ ਵਾਲੇ ਹਨ (ਤੇਰੀ ਸਿਫ਼ਤਿ ਦੇ ਗੀਤ ਗਾ ਰਹੇ ਹਨ)।

**ਗਾਵਨਿ ਤੁਧਨੋ ਪਵਣੁ ਪਾਣੀ ਬੈਸੰਤਰੁ**
**ਗਾਵੈ ਰਾਜਾ ਧਰਮੁ ਦੁਆਰੇ॥**
**ਗਾਵਨਿ ਤੁਧਨੋ ਚਿਤੁ ਗੁਪਤੁ ਲਿਖਿ ਜਾਣਨਿ**
**ਲਿਖਿ ਲਿਖਿ ਧਰਮੁ ਬੀਚਾਰੇ॥**

(ਹੇ ਪ੍ਰਭੂ!) ਹਵਾ ਪਾਣੀ ਅੱਗ (ਆਦਿਕ ਤੱਤ) ਤੇਰੇ ਗੁਣ ਗਾ ਰਹੇ ਹਨ (ਤੇਰੀ ਰਜ਼ਾ ਵਿੱਚ ਹਨ)। ਧਰਮ ਰਾਜ (ਤੇਰੇ) ਦਰ ਤੇ (ਖਲੋ ਕੇ ਤੇਰੀ ਸਿਫ਼ਤਿ-ਸਾਲਾਹ) ਗਾ ਰਿਹਾ ਹੈ। ਉਹ ਚਿੱਤਰ ਗੁਪਤ ਭੀ ਜੋ (ਜੀਵਾਂ ਦੇ ਚੰਗੇ ਮੰਦੇ ਕਰਮਾਂ ਦੇ ਲੇਖੇ) ਲਿਖਣੇ ਜਾਣਦੇ ਹਨ ਅਤੇ ਜਿਨ੍ਹਾਂ ਦੇ ਲਿਖੇ ਹੋਏ ਧਰਮ

ਰਾਜ ਵਿਚਾਰਦਾ ਹੈ, ਭੀ ਤੇਰੀ ਸਿਫਤਿ ਕਰ ਰਹੇ ਹਨ ।

**ਗਾਵਨਿ ਤੁਧਨੋ ਈਸਰੁ ਬ੍ਰਹਮਾ ਦੇਵੀ ਸੋਹਨਿ ਤੇਰੇ ਸਦਾ ਸਵਾਰੇ॥**
**ਗਾਵਨਿ ਤੁਧਨੋ ਇੰਦ੍ਰ ਇੰਦ੍ਰਾਸਣਿ ਬੈਠੇ ਦੇਵਤਿਆ ਦਰਿ ਨਾਲੇ॥**

(ਹੇ ਪ੍ਰਭੂ!) ਅਨੇਕਾਂ ਦੇਵੀਆਂ, ਸ਼ਿਵ ਅਤੇ ਬ੍ਰਹਮਾ (ਆਦਿਕ ਦੇਵਤੇ) ਜੋ ਤੇਰੇ ਸਵਾਰੇ ਹੋਏ ਹਨ ਸਦਾ (ਤੇਰੇ ਦਰ ਤੇ) ਸ਼ੋਭ ਰਹੇ ਹਨ, ਤੇਰੇ ਗੁਣ ਗਾ ਰਹੇ ਹਨ। ਕਈ ਇੰਦਰ ਦੇਵਤੇ ਆਪਣੇ ਤਖ਼ਤ ਉੱਤੇ ਬੈਠੇ ਹੋਏ ਦੇਵਤਿਆਂ ਸਮੇਤ ਤੇਰੇ ਦਰ ਉੱਤੇ ਸਿਫ਼ਤਿ-ਸਾਲਾਹ ਦੇ ਗੀਤ ਗਾ ਰਹੇ ਹਨ।

**ਗਾਵਨਿ ਤੁਧਨੋ ਸਿਧ ਸਮਾਧੀ ਅੰਦਰਿ ਗਾਵਨਿ ਤੁਧਨੋ ਸਾਧ ਬੀਚਾਰੇ॥**
**ਗਾਵਨਿ ਤੁਧਨੋ ਜਤੀ ਸਤੀ ਸੰਤੋਖੀ ਗਾਵਨਿ ਤੁਧਨੋ ਵੀਰ ਕਰਾਰੇ॥**

(ਹੇ ਪ੍ਰਭੂ!) ਸਿੱਧ ਲੋਕ ਸਮਾਧੀਆਂ ਲਾ ਕੇ ਤੈਨੂੰ ਗਾ ਰਹੇ ਹਨ। ਸਾਧ ਜਨ (ਤੇਰੇ ਗੁਣਾਂ ਦੀ) ਵਿਚਾਰ ਕਰ ਕੇ ਤੈਨੂੰ ਸਲਾਹ ਰਹੇ ਹਨ। ਜਤੀ, ਦਾਨੀ ਅਤੇ ਸੰਤੋਖੀ ਬੰਦੇ ਭੀ ਤੇਰੇ ਹੀ ਗੁਣ ਗਾ ਰਹੇ ਹਨ। ਬੇਅੰਤ ਤਕੜੇ ਸੂਰਮੇ ਤੇਰੀਆਂ ਹੀ ਵਡਿਆਈਆਂ ਕਰ ਰਹੇ ਹਨ।

**ਗਾਵਨਿ ਤੁਧਨੋ ਪੰਡਿਤ ਪੜਨਿ ਰਖੀਸੁਰ ਜੁਗੁ ਜੁਗੁ ਵੇਦਾ ਨਾਲੇ ॥**
**ਗਾਵਨਿ ਤੁਧਨੋ ਮੋਹਣੀਆ ਮਨੁ ਮੋਹਨਿ ਸੁਰਗੁ ਮਛੁ ਪਇਆਲੇ ॥**

(ਹੇ ਪ੍ਰਭੂ!) ਪੰਡਿਤ ਅਤੇ ਮਹਾ ਰਿਖੀ ਵੇਦਾਂ ਸਣੇ ਤੇਰਾ ਹੀ ਜਸ ਕਰ ਰਹੇ ਹਨ । ਸੁੰਦਰ ਇਸਤ੍ਰੀਆਂ ਜੋ ਮਨ ਨੂੰ ਮੋਹ ਲੈਂਦੀਆਂ ਹਨ ਤੈਨੂੰ ਹੀ ਗਾ ਰਹੀਆਂ ਹਨ, (ਭਾਵ, ਤੇਰੀ ਸੁੰਦਰਤਾ ਦਾ ਪ੍ਰਕਾਸ਼ ਕਰ ਰਹੀਆਂ ਹਨ) । ਸੁਰਗ-ਲੋਕ, ਮਾਤ-ਲੋਕ ਅਤੇ ਪਤਾਲ-ਲੋਕ ਸਾਰੇ ਜੀਅ, ਜੰਤ ਤੇਰੀ ਹੀ ਵਡਿਆਈ ਕਰ ਰਹੇ ਹਨ ।





**ਗਾਵਨਿ ਤੁਧਨੋ ਰਤਨ ਉਪਾਏ ਤੇਰੇ ਅਠਸਠਿ ਤੀਰਥ ਨਾਲੇ॥**
**ਗਾਵਨਿ ਤੁਧਨੋ ਜੋਧ ਮਹਾਬਲ ਸੂਰਾ ਗਾਵਨਿ ਤੁਧ ਨੋ ਖਾਣੀ ਚਾਰੇ॥**
**ਗਾਵਨਿ ਤੁਧਨੋ ਖੰਡ ਮੰਡਲ ਬ੍ਰਹਮੰਡਾ ਕਰਿ ਕਰਿ ਰਖੇ ਤੇਰੇ ਧਾਰੇ ॥**

(ਹੇ ਪ੍ਰਭੂ!) ਤੇਰੇ ਪੈਦਾ ਕੀਤੇ ਹੋਏ ਰਤਨ, ਅਠਾਹਠ ਤੀਰਥਾਂ ਸਮੇਤ ਤੈਨੂੰ ਹੀ ਗਾ ਰਹੇ ਹਨ । ਵੱਡੇ ਬਲ ਵਾਲੇ ਜੋਧੇ ਅਤੇ ਸੂਰਮੇ (ਤੇਰਾ ਦਿੱਤਾ ਬਲ ਵਿਖਾ ਕੇ) ਤੇਰੀ ਹੀ (ਤਾਕਤ ਦੀ) ਸਿਫ਼ਤਿ ਕਰ ਰਹੇ ਹਨ । ਚੌਹਾਂ ਹੀ ਖਾਣੀਆਂ ਦੇ ਜੀਅ ਜੰਤ ਤੈਨੂੰ ਗਾ ਰਹੇ ਹਨ । ਸਾਰੀ ਸ੍ਰਿਸ਼ਟੀ, ਖੰਡ ਤੇ ਮੰਡਲ, ਜੋ ਤੂੰ ਪੈਦਾ ਕਰ ਕੇ ਟਿਕਾ ਰੱਖੇ ਹਨ, ਤੈਨੂੰ ਹੀ ਗਾਉਂਦੇ ਹਨ ।

**ਸੇਈ ਤੁਧਨੋ ਗਾਵਨਿ ਜੋ ਤੁਧੁ ਭਾਵਨਿ ਰਤੇ ਤੇਰੇ ਭਗਤ ਰਸਾਲੇ ॥**
**ਹੋਰਿ ਕੇਤੇ ਤੁਧਨੋ ਗਾਵਨਿ ਸੇ ਮੈ ਚਿਤਿ ਨ ਆਵਨਿ**
**ਨਾਨਕੁ ਕਿਆ ਬੀਚਾਰੇ ॥**

(ਹੇ ਪ੍ਰਭੂ!) ਅਸਲ ਵਿੱਚ ਉਹੀ ਬੰਦੇ ਤੇਰੀ ਸਿਫ਼ਤਿ-ਸਾਲਾਹ ਕਰਦੇ ਹਨ (ਭਾਵ, ਉਹਨਾਂ ਦੀ ਕੀਤੀ ਸਿਫ਼ਤਿ-ਸਾਲਾਹ ਸਫ਼ਲ ਹੈ) ਜੋ ਤੇਰੇ ਪ੍ਰੇਮ ਵਿੱਚ ਰੰਗੇ ਹੋਏ ਹਨ ਅਤੇ ਤੇਰੇ ਰਸੀਏ ਭਗਤ ਹਨ, ਉਹੀ ਬੰਦੇ ਤੈਨੂੰ ਪਿਆਰੇ ਲੱਗਦੇ ਹਨ । ਅਨੇਕਾਂ ਹੋਰ ਜੀਵ ਤੇਰੀ ਵਡਿਆਈ ਕਰ ਰਹੇ ਹਨ, ਜੋ ਮੈਥੋਂ ਗਿਣੇ ਨਹੀਂ ਜਾ ਸਕਦੇ । (ਭਲਾ, ਇਸ ਗਿਣਤੀ ਬਾਰੇ) ਨਾਨਕ ਕੀਹ ਵਿਚਾਰ ਕਰ ਸਕਦਾ ਹੈ? (ਨਾਨਕ ਇਹ ਵਿਚਾਰ ਕਰਨ-ਜੋਗਾ ਨਹੀਂ ਹੈ)।

**ਸੋਈ ਸੋਈ ਸਦਾ ਸਚੁ ਸਾਹਿਬੁ ਸਾਚਾ ਸਾਚੀ ਨਾਈ ॥**
**ਹੈ ਭੀ ਹੋਸੀ ਜਾਇ ਨ ਜਾਸੀ ਰਚਨਾ ਜਿਨਿ ਰਚਾਈ ॥**

ਜਿਸ (ਪ੍ਰਭੂ) ਨੇ ਇਹ ਸ੍ਰਿਸ਼ਟੀ ਪੈਦਾ ਕੀਤੀ ਹੈ, ਉਹ ਇਸ ਵੇਲੇ ਭੀ ਮੌਜੂਦ ਹੈ, ਤੇ ਸਦਾ ਕਾਇਮ ਰਹਿਣ ਵਾਲਾ ਹੈ। ਉਹ ਮਾਲਕ-ਪ੍ਰਭੂ ਸਦਾ ਕਾਇਮ

ਰਹਿਣ ਵਾਲਾ ਹੈ। ਉਸ ਦੀ ਵਡਿਆਈ ਸਦਾ ਕਾਇਮ ਰਹਿਣ ਵਾਲੀ ਹੈ।

**ਰੰਗੀ ਰੰਗੀ ਭਾਤੀ ਕਰਿ ਕਰਿ ਜਿਨਸੀ ਮਾਇਆ ਜਿਨਿ ਉਪਾਈ॥**
**ਕਰਿ ਕਰਿ ਦੇਖੈ ਕੀਤਾ ਆਪਣਾ ਜਿਉ ਤਿਸ ਦੀ ਵਡਿਆਈ॥**

ਜਿਸ ਪ੍ਰਭੂ ਨੇ ਕਈ ਰੰਗਾਂ ਕਿਸਮਾਂ ਤੇ ਜਿਨਸਾਂ ਦੀ ਮਾਇਆ ਰਚ ਦਿੱਤੀ ਹੈ, ਉਹ ਆਪਣੀ ਰਜ਼ਾ ਅਨੁਸਾਰ ਜਗਤ ਨੂੰ ਪੈਦਾ ਕਰ ਕੇ ਆਪਣੇ ਪੈਦਾ ਕੀਤੇ ਹੋਏ ਦੀ ਸੰਭਾਲ ਕਰ ਰਿਹਾ ਹੈ ।

**ਜੋ ਤਿਸੁ ਭਾਵੈ ਸੋਈ ਕਰਸੀ ਫਿਰਿ ਹੁਕਮੁ ਨ ਕਰਣਾ ਜਾਈ ॥**
**ਸੋ ਪਾਤਿਸਾਹੁ ਸਾਹਾ ਪਤਿ ਸਾਹਿਬੁ ਨਾਨਕ ਰਹਣੁ ਰਜਾਈ॥ ੧॥**

ਜੋ ਕੁਝ ਉਸ (ਪ੍ਰਭੂ) ਨੂੰ ਚੰਗਾ ਲੱਗਦਾ ਹੈ ਉਹੀ ਉਹ ਕਰਦਾ ਹੈ। ਕੋਈ ਜੀਵ ਉਸ ਦੇ ਅੱਗੇ ਹੈਂਕੜ ਨਹੀਂ ਵਿਖਾ ਸਕਦਾ (ਕੋਈ ਜੀਵ ਉਸ ਨੂੰ ਇਹ ਨਹੀਂ ਆਖ ਸਕਦਾ 'ਇਉਂ ਨਹੀਂ, ਇਉਂ ਕਰ')। ਉਹ ਪ੍ਰਭੂ (ਸਾਰੇ ਜਗਤ ਦਾ) ਪਾਤਿਸ਼ਾਹ ਹੈ, ਪਾਤਿਸ਼ਾਹਾਂ ਦਾ ਭੀ ਪਾਤਿਸ਼ਾਹ ਹੈ। ਹੇ ਨਾਨਕ! (ਜੀਵਾਂ ਨੂੰ) ਉਸ ਦੀ ਰਜ਼ਾ ਵਿੱਚ ਰਹਿਣਾ ਹੀ ਫਬਦਾ ਹੈ।

**ਆਸਾ ਮਹਲਾ ੧ ॥ ਸੁਣਿ ਵਡਾ ਆਖੈ ਸਭੁ ਕੋਇ॥**
**ਕੇਵਡੁ ਵਡਾ ਡੀਠਾ ਹੋਇ॥**

ਹਰੇਕ ਜੀਵ (ਹੋਰਨਾਂ ਪਾਸੋਂ ਸਿਰਫ਼) ਸੁਣ ਕੇ (ਹੀ) ਆਖ ਦੇਂਦਾ ਹੈ ਕਿ (ਹੇ ਪ੍ਰਭੂ!) ਤੂੰ ਵੱਡਾ ਹੈਂ । ਪਰ ਤੂੰ ਕੇਡਾ ਵੱਡਾ ਹੈਂ (ਕਿਤਨਾ ਬੇਅੰਤ ਹੈਂ) ਇਹ ਗੱਲ ਤੇਰਾ ਦਰਸ਼ਨ ਕੀਤਿਆਂ ਹੀ ਦੱਸੀ ਜਾ ਸਕਦੀ ਹੈ ਕਿ ਤੂੰ ਬਹੁਤ ਬੇਅੰਤ ਹੈਂ ।





**ਕੀਮਤਿ ਪਾਇ ਨ ਕਹਿਆ ਜਾਇ॥**
**ਕਹਣੈ ਵਾਲੇ ਤੇਰੇ ਰਹੇ ਸਮਾਇ॥ ੧ ॥**

ਤੇਰੇ ਬਰਾਬਰ ਦਾ ਹੋਰ ਕੋਈ ਦੱਸਿਆ ਨਹੀਂ ਜਾ ਸਕਦਾ, ਤੇਰੇ ਸਰੂਪ ਨੂੰ ਬਿਆਨ ਨਹੀਂ ਕੀਤਾ ਜਾ ਸਕਦਾ । ਤੇਰੀ ਵਡਿਆਈ ਆਖਣ ਵਾਲੇ (ਆਪਾ ਭੁੱਲ ਕੇ) ਤੇਰੇ ਵਿੱਚ (ਹੀ) ਲੀਨ ਹੋ ਜਾਂਦੇ ਹਨ ।

**ਵਡੇ ਮੇਰੇ ਸਾਹਿਬਾ ਗਹਿਰ ਗੰਭੀਰਾ ਗੁਣੀ ਗਹੀਰਾ॥**
**ਕੋਇ ਨ ਜਾਣੈ ਤੇਰਾ ਕੇਤਾ ਕੇਵਡੁ ਚੀਰਾ॥ ੧ ॥ ਰਹਾਉ ॥**

ਹੇ ਮੇਰੇ ਵੱਡੇ ਮਾਲਕ! ਤੂੰ (ਮਾਨੋ, ਇਕ) ਡੂੰਘਾ (ਸਮੁੰਦਰ) ਹੈਂ, ਤੂੰ ਬੜੇ ਜਿਗਰੇ ਵਾਲਾ ਹੈਂ, ਤੂੰ ਬੇਅੰਤ ਗੁਣਾਂ ਵਾਲਾ ਹੈਂ । ਕੋਈ ਭੀ ਜੀਵ ਨਹੀਂ ਜਾਣਦਾ ਕਿ ਤੇਰਾ ਕਿਤਨਾ ਵੱਡਾ ਵਿਸਥਾਰ ਹੈ ।

**ਸਭਿ ਸੁਰਤੀ ਮਿਲਿ ਸੁਰਤਿ ਕਮਾਈ॥**
**ਸਭ ਕੀਮਤਿ ਮਿਲਿ ਕੀਮਤਿ ਪਾਈ॥**

(ਤੂੰ ਕੇਡਾ ਵੱਡਾ ਹੈਂ (ਫਿਰ), ਇਹ ਗੱਲ ਲੱਭਣ ਵਾਸਤੇ) ਸਮਾਧੀਆਂ ਲਾਉਣ ਵਾਲੇ ਕਈ ਵੱਡੇ-ਵੱਡੇ ਪ੍ਰਸਿੱਧ ਜੋਗੀਆਂ ਨੇ ਧਿਆਨ ਜੋੜਨ ਦੇ ਜਤਨ ਕੀਤੇ।

**ਗਿਆਨੀ ਧਿਆਨੀ ਗੁਰ ਗੁਰਹਾਈ॥**
**ਕਹਣੁ ਨ ਜਾਈ ਤੇਰੀ ਤਿਲੁ ਵਡਿਆਈ॥ ੨ ॥**

ਮੁੜ ਮੁੜ ਜਤਨ ਕੀਤੇ, ਵੱਡੇ-ਵੱਡੇ ਪ੍ਰਸਿੱਧ (ਸ਼ਾਸਤ੍ਰ-ਵੇਦਾਂ) ਵਿਚਾਰਵਾਨਾਂ ਨੇ ਆਪੋ ਵਿਚ ਇਕ ਦੂਜੇ ਦੀ ਮਦਦ ਲੈ ਕੇ, ਤੇਰੇ ਬਰਾਬਰ ਦੀ ਕੋਈ ਹਸਤੀ ਲੱਭਣ ਦੀ ਕੋਸ਼ਿਸ਼ ਕੀਤੀ, ਪਰ ਤੇਰੀ ਵਡਿਆਈ ਦਾ ਇਕ ਤਿਲ

ਜਿਤਨਾ ਭੀ ਹਿੱਸਾ ਨਹੀਂ ਦੱਸ ਸਕੇ ।

**ਸਭਿ ਸਤ ਸਭਿ ਤਪ ਸਭਿ ਚੰਗਿਆਈਆ॥**
**ਸਿਧਾ ਪੁਰਖਾ ਕੀਆ ਵਡਿਆਈਆ॥**

(ਵਿਚਾਰਵਾਨ ਕੀਹ ਤੇ ਸਿਧ ਜੋਗੀ ਕੀਹ? ਤੇਰੀ ਵਡਿਆਈ ਦਾ ਅੰਦਾਜ਼ਾ ਤਾਂ ਕੋਈ ਭੀ ਨਹੀਂ ਲਾ ਸਕਿਆ, ਪਰ ਵਿਚਾਰਵਾਨਾਂ ਦੇ) ਸਾਰੇ ਭਲੇ ਕੰਮ, ਸਾਰੇ ਤਪ ਤੇ ਸਾਰੇ ਗੁਣ, ਸਿੱਧਾਂ ਲੋਕਾਂ ਦੀਆਂ (ਰਿੱਧੀਆਂ ਸਿੱਧੀਆਂ ਆਦਿਕ) ਵੱਡੇ-ਵੱਡੇ ਕੰਮ, ਇਹ ਕਾਮਯਾਬੀ ਕਿਸੇ ਨੂੰ ਭੀ ਤੇਰੀ ਮਦਦ ਤੋਂ ਬਿਨਾਂ ਹਾਸਲ ਨਹੀਂ ਹੋਈ ।

**ਤੁਧੁ ਵਿਣੁ ਸਿਧੀ ਕਿਨੈ ਨ ਪਾਈਆ॥**
**ਕਰਮਿ ਮਿਲੈ ਨਾਹੀ ਠਾਕਿ ਰਹਾਈਆ॥ ੩ ॥**

ਤੇਰੀ ਮਿਹਰ ਤੋਂ ਬਿਨਾਂ ਕਿਸੇ ਨੂੰ ਵੀ ਸਿੱਧੀ ਪ੍ਰਾਪਤ ਨਹੀਂ ਹੋਈ ਹੈ। ਤੇਰੀ ਬਖਸ਼ਿਸ਼ ਦੇ ਰਾਹ ਵਿਚ ਕੋਈ ਰੋਕ ਨਹੀਂ ਪਾ ਸਕਿਆ।

**ਆਖਣ ਵਾਲਾ ਕਿਆ ਵੇਚਾਰਾ॥**
**ਸਿਫਤੀ ਭਰੇ ਤੇਰੇ ਭੰਡਾਰਾ॥**

(ਹੇ ਪ੍ਰਭੂ!) ਤੇਰੇ ਗੁਣਾਂ ਦੇ (ਮਾਨੋ) ਖ਼ਜ਼ਾਨੇ ਭਰੇ ਪਏ ਹਨ । ਜੀਵ ਦੀ ਕੀਹ ਪਾਂਇਆਂ ਹੈ ਕਿ ਇਹਨਾਂ ਗੁਣਾਂ ਨੂੰ ਬਿਆਨ ਕਰ ਸਕੇ?

**ਜਿਸੁ ਤੂ ਦੇਹਿ ਤਿਸੈ ਕਿਆ ਚਾਰਾ॥**
**ਨਾਨਕ ਸਚੁ ਸਵਾਰਣਹਾਰਾ॥ ੪ ॥ ੨ ॥**

ਜਿਸ ਨੂੰ ਤੂੰ ਸਿਫ਼ਤਿ-ਸਾਲਾਹ ਕਰਨ ਦੀ ਦਾਤਿ ਬਖ਼ਸ਼ਦਾ ਹੈਂ; ਉਸ





ਦੇ ਰਾਹ ਵਿਚ ਰੁਕਾਵਟ ਪਾਉਣ ਲਈ ਕਿਸੇ ਦਾ ਜ਼ੋਰ ਨਹੀਂ ਚੱਲ ਸਕਦਾ, (ਕਿਉਂਕਿ) ਹੇ ਨਾਨਕ! (ਆਖ ਹੇ ਪ੍ਰਭੂ!) ਤੂੰ ਸਦਾ ਕਾਇਮ ਰਹਿਣ ਵਾਲਾ ਪ੍ਰਭੂ ਉਸ (ਭਾਗਾਂ ਵਾਲੇ) ਨੂੰ ਸੰਵਾਰਨ ਵਾਲਾ (ਆਪ) ਹੈਂ।

**ਆਸਾ ਮਹਲਾ ੧॥**
**ਆਖਾ ਜੀਵਾ ਵਿਸਰੈ ਮਰਿ ਜਾਉ॥**
**ਆਖਣਿ ਅਉਖਾ ਸਾਚਾ ਨਾਉ॥**

(ਜਿਉਂ ਜਿਉਂ) ਮੈਂ (ਪਰਮਾਤਮਾ ਦਾ) ਨਾਮ ਸਿਮਰਦਾ ਹਾਂ, ਤਿਉਂ ਤਿਉਂ ਮੇਰੇ ਅੰਦਰ ਆਤਮਕ ਜੀਵਨ ਪੈਦਾ ਹੁੰਦਾ ਹੈ । (ਪਰ ਜਦੋਂ ਮੈਂ ਨਾਮ) ਭੁੱਲ ਜਾਂਦਾ ਹੈ, ਮੇਰੀ ਆਤਮਕ ਮੌਤ ਹੋ ਜਾਂਦੀ ਹੈ । (ਇਹ ਪਤਾ ਹੁੰਦਿਆਂ ਭੀ) ਸਦਾ ਕਾਇਮ-ਰਹਿਣ ਵਾਲੇ ਪਰਮਾਤਮਾ ਦਾ ਨਾਮ ਸਿਮਰਨਾ ਔਖਾ (ਕੰਮ ਜਾਪਦਾ ਹੈ)।

**ਸਾਚੇ ਨਾਮ ਕੀ ਲਾਗੈ ਭੂਖ॥**
**ਉਤੁ ਭੂਖੈ ਖਾਇ ਚਲੀਅਹਿ ਦੂਖ॥ ੧ ॥**

(ਜਿਸ ਮਨੁੱਖ ਦੇ ਅੰਦਰ) ਸਦਾ-ਥਿਰ ਪ੍ਰਭੂ ਦੇ ਨਾਮ ਸਿਮਰਨ ਦੀ ਤਾਂਘ ਪੈਦਾ ਹੋ ਜਾਂਦੀ ਹੈ, ਉਸ ਤਾਂਘ ਦੀ ਬਰਕਤਿ ਨਾਲ (ਹਰਿ-ਨਾਮ-ਭੋਜਨ) ਖਾ ਕੇ ਉਸ ਦੇ ਸਾਰੇ ਦੁੱਖ ਦੂਰ ਹੋ ਜਾਂਦੇ ਹਨ।

**ਸੋ ਕਿਉ ਵਿਸਰੈ ਮੇਰੀ ਮਾਇ॥**
**ਸਾਚਾ ਸਾਹਿਬੁ ਸਾਚੈ ਨਾਇ॥ ੧ ॥ ਰਹਾਉ ॥**

ਹੇ ਮੇਰੀ ਮਾਂ! (ਅਰਦਾਸ ਕਰ ਕਿ) ਉਹ ਪਰਮਾਤਮਾ ਮੈਨੂੰ ਕਦੇ ਭੀ ਨਾਹ ਭੁੱਲੇ। ਜਿਉਂ ਜਿਉਂ ਉਸ ਸਦਾ ਕਾਇਮ ਰਹਿਣ ਵਾਲੇ ਪ੍ਰਭੂ ਦਾ ਨਾਮ

ਸਿਮਰੀਏ, ਤਿਉਂ ਤਿਉਂ ਉਹ ਸਦਾ ਕਾਇਮ ਰਹਿਣ ਵਾਲਾ ਮਾਲਕ ਮਨ ਵਿਚ ਆ ਵੱਸਦਾ ਹੈ।

**ਸਾਚੇ ਨਾਮ ਕੀ ਤਿਲੁ ਵਡਿਆਈ॥**
**ਆਖਿ ਥਕੇ ਕੀਮਤਿ ਨਹੀ ਪਾਈ॥**

ਸਦਾ ਕਾਇਮ ਰਹਿਣ ਵਾਲੇ ਪ੍ਰਭੂ ਦੇ ਨਾਮ ਦੀ ਰਤਾ ਜਿਤਨੀ ਭੀ ਮਹਿਮਾ ਬਿਆਨ ਕਰ ਕੇ (ਸਾਰੇ ਜੀਵ) ਥੱਕ ਗਏ ਹਨ (ਬਿਆਨ ਨਹੀਂ ਕਰ ਸਕਦੇ)। ਕੋਈ ਭੀ ਨਹੀਂ ਦੱਸ ਸਕਿਆ ਕਿ ਪਰਮਾਤਮਾ ਦੇ ਬਰਾਬਰ ਦੀ ਕਿਹੜੀ ਹਸਤੀ ਹੈ।

**ਜੇ ਸਭਿ ਮਿਲਿ ਕੈ ਆਖਣਿ ਪਾਹਿ॥**
**ਵਡਾ ਨ ਹੋਵੈ ਘਾਟਿ ਨ ਜਾਇ॥ ੨ ॥**

ਜੇ (ਜਗਤ ਦੇ) ਸਾਰੇ ਹੀ ਜੀਵ ਰਲ ਕੇ ਪ੍ਰਭੂ ਦੀ ਵਡਿਆਈ ਬਿਆਨ ਕਰਨ ਦਾ ਜਤਨ ਕਰਨ, ਤਾਂ ਉਹ ਪ੍ਰਭੂ (ਆਪਣੇ ਅਸਲੇ ਨਾਲੋਂ) ਵੱਡਾ ਨਹੀਂ ਹੋ ਜਾਂਦਾ ਤੇ, ਜੇ ਕੋਈ ਭੀ ਉਸ ਦੀ ਵਡਿਆਈ ਨਾਹ ਕਰੇ, ਤਾਂ ਉਹ (ਅੱਗੇ ਨਾਲੋਂ) ਘਟ ਨਹੀਂ ਜਾਂਦਾ । (ਉਸ ਨੂੰ ਆਪਣੀ ਸੋਭਾ ਦਾ ਲਾਲਚ ਨਹੀਂ)।

**ਨਾ ਓਹੁ ਮਰੈ ਨ ਹੋਵੈ ਸੋਗੁ॥**
**ਦੇਦਾ ਰਹੈ ਨ ਚੂਕੈ ਭੋਗੁ॥**

ਉਹ ਪ੍ਰਭੂ ਕਦੇ ਮਰਦਾ ਨਹੀਂ, ਨਾਹ ਹੀ (ਉਸ ਦੀ ਖ਼ਾਤਰ) ਸੋਗ ਹੁੰਦਾ ਹੈ । ਉਹ ਸਦਾ (ਜੀਵਾਂ ਨੂੰ ਰਿਜ਼ਕ ਦਿੰਦਾ ਹੈ, ਉਸ ਦੀਆਂ ਦਿੱਤੀਆਂ ਦਾਤਾਂ ਦਾ ਵਰਤਣਾ ਕਦੇ ਮੁੱਕਦਾ ਨਹੀਂ। ਉਸ ਦੀਆਂ ਦਾਤਾਂ ਵਰਤਣ ਨਾਲ ਕਦੇ ਮੁਕਦੀਆਂ ਨਹੀਂ ।





**ਗੁਣੁ ਏਹੋ ਹੋਰੁ ਨਾਹੀ ਕੋਇ॥**
**ਨਾ ਕੋ ਹੋਆ ਨਾ ਕੋ ਹੋਇ॥ ੩ ॥**

ਉਸ ਦੀ ਵੱਡੀ ਖ਼ੂਬੀ ਇਹ ਹੈ ਕਿ ਕੋਈ ਹੋਰ ਉਸ ਵਰਗਾ ਨਹੀਂ ਹੈ। ਉਸ ਵਰਗਾ ਅਜੇ ਤਕ ਨਾਹ ਕੋਈ ਹੋਇਆ ਹੈ, ਨਾਹ ਕਦੇ ਹੋਵੇਗਾ।

**ਜੇਵਡੁ ਆਪਿ ਤੇਵਡ ਤੇਰੀ ਦਾਤਿ॥**
**ਜਿਨਿ ਦਿਨੁ ਕਰਿ ਕੈ ਕੀਤੀ ਰਾਤਿ॥**

ਹੇ ਪ੍ਰਭੂ! ਜਿਤਨਾ ਬੇਅੰਤ ਤੂੰ ਆਪ ਹੈਂ ਉਤਨੀ ਬੇਅੰਤ ਹੈ ਤੇਰੀ ਬਖ਼ਸ਼ਸ਼। ਤੂੰ ਦਿਨ ਬਣਾਇਆ ਹੈ ਤੇ ਰਾਤ ਬਣਾਈ ਹੈ।

**ਖਸਮੁ ਵਿਸਾਰਹਿ ਤੇ ਕਮਜਾਤਿ॥**
**ਨਾਨਕ ਨਾਵੈ ਬਾਝੁ ਸਨਾਤਿ॥੪॥੩॥**

ਹੇ ਨਾਨਕ! ਉਹ ਬੰਦੇ ਨੀਵੇਂ ਜੀਵਨ ਵਾਲੇ ਬਣ ਜਾਂਦੇ ਹਨ, ਜੋ ਅਜਿਹੇ ਖਸਮ-ਪ੍ਰਭੂ ਨੂੰ ਭੁਲਾ ਦੇਂਦੇ ਹਨ । ਨਾਮ ਤੋਂ ਖੁੰਝੇ ਹੋਏ ਜੀਵ (ਹੀ) ਨੀਚ ਹਨ।

**ਰਾਗੁ ਗੂਜਰੀ ਮਹਲਾ ੪॥**
**ਹਰਿ ਕੇ ਜਨ ਸਤਿਗੁਰ ਸਤ ਪੁਰਖਾ ਬਿਨਉ ਕਰਉ ਗੁਰ ਪਾਸਿ॥**
**ਹਮ ਕੀਰੇ ਕਿਰਮ ਸਤਿਗੁਰ ਸਰਣਾਈ ਕਰਿ ਦਇਆ ਨਾਮੁ ਪਰਗਾਸਿ॥੧॥**

ਹੇ ਮਹਾਪੁਰਖ ਗੁਰੂ! ਹੇ ਪ੍ਰਭੂ ਦੇ ਭਗਤ ਸਤਿਗੁਰੂ! ਮੈਂ, ਹੇ ਗੁਰੂ! ਤੇਰੇ ਅੱਗੇ ਬੇਨਤੀ ਕਰਦਾ ਹਾਂ ਕਿਰਪਾ ਕਰ ਕੇ ਮੇਰੇ ਅੰਦਰ ਪ੍ਰਭੂ ਦਾ ਨਾਮ-ਚਾਨਣ ਪੈਦਾ ਕਰ । ਹੇ ਸਤਿਗੁਰੂ! ਮੈਂ ਨਿਮਾਣਾ ਤੇਰੀ ਸਰਨ ਆਇਆ ਹਾਂ ।1।

**ਮੇਰੇ ਮੀਤ ਗੁਰਦੇਵ ਮੋ ਕਉ ਰਾਮ ਨਾਮੁ ਪਰਗਾਸਿ॥**

**ਗੁਰਮਤਿ ਨਾਮੁ ਮੇਰਾ ਪ੍ਰਾਨਸਖਾਈ**
**ਹਰਿ ਕੀਰਤਿ ਹਮਰੀ ਰਹਰਾਸਿ॥੧॥ ਰਹਾਉ ॥**

ਹੇ ਮੇਰੇ ਮਿੱਤਰ ਗੁਰੂ! ਮੈਨੂੰ ਪ੍ਰਭੂ ਦਾ ਨਾਮ-ਚਾਨਣ ਬਖ਼ਸ਼ । ਗੁਰੂ ਦੀ ਦੱਸੀ ਮਤਿ ਦੀ ਰਾਹੀਂ ਮਿਲਿਆ ਹੋਇਆ ਹਰਿ-ਨਾਮ ਮੇਰੀ ਜਿੰਦ ਦਾ ਸਾਥੀ ਬਣਿਆ ਰਹੇ, ਪ੍ਰਭੂ ਦੀ ਸਿਫ਼ਤਿ-ਸਾਲਾਹ ਮੇਰੀ ਜ਼ਿੰਦਗੀ ਦੇ ਸਫ਼ਰ ਲਈ ਰਾਸਿ-ਪੂੰਜੀ ਬਣੀ ਰਹੇ।

**ਹਰਿ ਜਨ ਕੇ ਵਡਭਾਗ ਵਡੇਰੇ**
**ਜਿਨ ਹਰਿ ਹਰਿ ਸਰਧਾ ਹਰਿ ਪਿਆਸ ॥**
**ਹਰਿ ਹਰਿ ਨਾਮੁ ਮਿਲੈ ਤ੍ਰਿਪਤਾਸਹਿ**
**ਮਿਲਿ ਸੰਗਤਿ ਗੁਣ ਪਰਗਾਸਿ॥੨॥**

ਪ੍ਰਭੂ ਦੇ ਉਹਨਾਂ ਸੇਵਕਾਂ ਦੇ ਬੜੇ ਉੱਚੇ ਭਾਗ ਹਨ ਜਿਨ੍ਹਾਂ ਦੇ ਅੰਦਰ ਪ੍ਰਭੂ ਦੇ ਨਾਮ ਵਾਸਤੇ ਸ਼ਰਧਾ ਹੈ, ਖਿੱਚ ਹੈ । ਜਦੋਂ ਉਹਨਾਂ ਨੂੰ ਪਰਮਾਤਮਾ ਦਾ ਨਾਮ ਪ੍ਰਾਪਤ ਹੁੰਦਾ ਹੈ ਉਹ (ਮਾਇਆ ਦੀ ਤ੍ਰਿਸ਼ਨਾ ਵਲੋਂ) ਰੱਜ ਜਾਂਦੇ ਹਨ, ਸਾਧ ਸੰਗਤਿ ਵਿਚ ਮਿਲ ਕੇ (ਉਹਨਾਂ ਦੇ ਅੰਦਰ ਭਲੇ) ਗੁਣ ਪੈਦਾ ਹੁੰਦੇ ਹਨ।

**ਜਿਨ ਹਰਿ ਹਰਿ ਹਰਿ ਰਸੁ ਨਾਮੁ ਨ ਪਾਇਆ**
**ਤੇ ਭਾਗ ਹੀਣ ਜਮ ਪਾਸਿ॥**
**ਜੋ ਸਤਿਗੁਰ ਸਰਣਿ ਸੰਗਤਿ ਨਹੀ ਆਏ**
**ਧ੍ਰਿਗੁ ਜੀਵੇ ਧ੍ਰਿਗੁ ਜੀਵਾਸਿ॥੩॥**

ਪਰ ਜਿਨ੍ਹਾਂ ਮਨੁੱਖਾਂ ਨੂੰ ਪਰਮਾਤਮਾ ਦੇ ਨਾਮ ਦਾ ਸੁਆਦ ਨਹੀਂ ਆਇਆ, ਜਿਨ੍ਹਾਂ ਨੂੰ ਪ੍ਰਭੂ ਦਾ ਨਾਮ ਨਹੀਂ ਮਿਲਿਆ, ਉਹ ਬਦ-ਕਿਸਮਤ ਹਨ, ਉਹ ਜਮਾਂ ਦੇ ਵੱਸ ਪਏ ਹੋਏ ਸਮਝੋ ਉਹਨਾਂ ਦੇ ਸਿਰ ਉਤੇ ਆਤਮਕ ਮੌਤ ਸਦਾ





ਸਵਾਰ ਰਹਿੰਦੀ ਹੈ। ਜੋ ਮਨੁੱਖ ਗੁਰੂ ਦੀ ਸ਼ਰਨ ਨਹੀਂ ਆਉਂਦੇ, ਜੋ ਸਾਧ ਸੰਗਤਿ ਵਿਚ ਨਹੀਂ ਬੈਠਦੇ, ਲਾਹਨਤ ਹੈ ਉਹਨਾਂ ਦੇ ਜੀਉਣ ਨੂੰ, ਉਹਨਾਂ ਦਾ ਜੀਉਣਾ ਫਿਟਕਾਰ-ਯੋਗ ਹੈ ।3।

**ਜਿਨ ਹਰਿਜਨ ਸਤਿਗੁਰ ਸੰਗਤਿ ਪਾਈ**
**ਤਿਨ ਧੁਰਿ ਮਸਤਕਿ ਲਿਖਿਆ ਲਿਖਾਸਿ॥**
**ਧਨੁ ਧੰਨੁ ਸਤਸੰਗਤਿ ਜਿਤੁ ਹਰਿਰਸੁ ਪਾਇਆ**
**ਮਿਲਿ ਜਨ ਨਾਨਕ ਨਾਮੁ ਪਰਗਾਸਿ॥੪॥੪॥**

ਜਿਨ੍ਹਾਂ ਪ੍ਰਭੂ ਦੇ ਸੇਵਕਾਂ ਨੂੰ ਗੁਰੂ ਦੀ ਸੰਗਤਿ ਵਿੱਚ ਬੈਠਣਾ ਨਸੀਬ ਹੋਇਆ ਹੈ, (ਸਮਝੋ) ਉਹਨਾਂ ਦੇ ਮੱਥੇ ਉਤੇ ਧੁਰੋਂ ਹੀ ਚੰਗਾ ਲੇਖ ਲਿਖਿਆ ਹੋਇਆ ਹੈ । ਹੇ ਨਾਨਕ! ਧੰਨ ਹੈ ਸਤਸੰਗ! ਧੰਨ ਹੈ ਸਤਸੰਗ! ਜਿਸ ਵਿੱਚ (ਬੈਠਿਆਂ) ਪ੍ਰਭੂ ਦੇ ਨਾਮ ਦਾ ਆਨੰਦ ਮਿਲਦਾ ਹੈ, ਜਿਥੇ ਗੁਰਮੁਖਾਂ ਨੂੰ ਮਿਲਿਆਂ (ਹਿਰਦੇ ਵਿਚ ਪਰਮਾਤਮਾ ਦਾ) ਨਾਮ ਆ ਵੱਸਦਾ ਹੈ।

**ਰਾਗੁ ਗੂਜਰੀ ਮਹਲਾ ੫॥**
**ਕਾਹੇ ਰੇ ਮਨ ਚਿਤਵਹਿ ਉਦਮੁ**
**ਜਾ ਆਹਰਿ ਹਰਿ ਜੀਉ ਪਰਿਆ॥**
**ਸੈਲ ਪਥਰ ਮਹਿ ਜੰਤ ਉਪਾਏ**
**ਤਾ ਕਾ ਰਿਜਕੁ ਆਗੈ ਕਰਿ ਧਰਿਆ॥੧॥**

ਹੇ ਮਨ! (ਤੇਰੀ ਖ਼ਾਤਰ) ਜਿਸ ਆਹਰ (ਕੰਮ) ਵਿੱਚ ਪਰਮਾਤਮਾ ਆਪ ਲੱਗਾ ਹੋਇਆ ਹੈ, ਉਸ ਵਾਸਤੇ ਤੂੰ ਕਿਉਂ (ਸਦਾ) ਸੋਚਾਂ-ਫ਼ਿਕਰ ਕਰਦਾ ਰਹਿੰਦਾ ਹੈਂ? ਜੇਹੜੇ ਜੀਵ ਪ੍ਰਭੂ ਨੇ ਚਟਾਨਾਂ ਤੇ ਪੱਥਰਾਂ ਵਿੱਚ ਪੈਦਾ ਕੀਤੇ ਹਨ, ਉਹਨਾਂ ਦਾ ਭੀ ਰਿਜ਼ਕ ਉਸ ਨੇ (ਉਹਨਾਂ ਦੇ ਪੈਦਾ ਕਰਨ ਤੋਂ) ਪਹਿਲਾਂ ਹੀ ਬਣਾ

ਰਖਿਆ ਹੈ ।1।

**ਮੇਰੇ ਮਾਧਉ ਜੀ ਸਤਸੰਗਤਿ ਮਿਲੇ ਸੁ ਤਰਿਆ॥**
**ਗੁਰ ਪਰਸਾਦਿ ਪਰਮ ਪਦੁ ਪਾਇਆ**
**ਸੂਕੇ ਕਾਸਟ ਹਰਿਆ॥੧॥ਰਹਾਉ॥**

ਹੇ ਮੇਰੇ ਪ੍ਰਭੂ ਜੀ! ਜੇਹੜੇ ਮਨੁੱਖ ਸਾਧ ਸੰਗਤਿ ਵਿਚ ਮਿਲ ਬੈਠਦੇ ਹਨ, ਉਹ (ਵਿਅਰਥ ਤੌਖ਼ਲੇ-ਫ਼ਿਕਰਾਂ ਤੋਂ) ਬਚ ਜਾਂਦੇ ਹਨ । ਗੁਰੂ ਦੀ ਕਿਰਪਾ ਨਾਲ ਜਿਸ ਮਨੁੱਖ ਨੂੰ ਇਹ (ਅਡੋਲਤਾ ਵਾਲੀ) ਉੱਚੀ ਆਤਮਕ ਅਵਸਥਾ ਮਿਲ ਜਾਂਦੀ ਹੈ, ਉਹ (ਮਾਨੋ) ਸੁੱਕਾ (ਕਾਠ), ਹਰਾ ਹੋ ਜਾਂਦਾ ਹੈ।

**ਜਨਨਿ ਪਿਤਾ ਲੋਕ ਸੁਤ ਬਨਿਤਾ ਕੋਇ ਨ ਕਿਸ ਕੀ ਧਰਿਆ॥**
**ਸਿਰਿ ਸਿਰਿ ਰਿਜਕੁ ਸੰਬਾਹੇ ਠਾਕੁਰੁ ਕਾਹੇ ਮਨ ਭਉ ਕਰਿਆ ॥ ੨॥**

(ਹੇ ਮਨ!) ਮਾਂ, ਪਿਉ, ਪੁੱਤਰ, ਲੋਕ, ਵਹੁਟੀ-ਕੋਈ ਭੀ ਕਿਸੇ ਦਾ ਆਸਰਾ ਨਹੀਂ ਹੈ । ਹੇ ਮਨ! ਤੂੰ ਕਿਉਂ ਡਰਦਾ ਹੈਂ? ਪਾਲਣਹਾਰ ਪ੍ਰਭੂ ਹਰੇਕ ਜੀਵ ਨੂੰ ਆਪ ਹੀ ਰਿਜ਼ਕ ਅਪੜਾਂਦਾ ਹੈ।

**ਊਡੇ ਊਡਿ ਆਵੈ ਸੈ ਕੋਸਾ ਤਿਸੁ ਪਾਛੈ ਬਚਰੇ ਛਰਿਆ॥**
**ਤਿਨ ਕਵਣੁ ਖਲਾਵੈ ਕਵਣੁ ਚੁਗਾਵੈ**
**ਮਨ ਮਹਿ ਸਿਮਰਨੁ ਕਰਿਆ॥ ੨ ॥**

ਹੇ ਮਨ! ਵੇਖ! ਕੂੰਜ ਉੱਡ ਉੱਡ ਕੇ ਸੈਂਕੜੇ ਕੋਹਾਂ ਤੇ ਆ ਜਾਂਦੀ ਹੈ, ਪਿੱਛੇ ਉਸ ਦੇ ਬੱਚੇ (ਇਕੱਲੇ) ਛੱਡੇ ਹੋਏ ਹੁੰਦੇ ਹਨ । ਉਹਨਾਂ ਨੂੰ ਕੋਈ ਕੁਝ ਖੁਆਉਣ ਵਾਲਾ ਨਹੀਂ, ਕੋਈ ਉਹਨਾਂ ਨੂੰ ਚੋਗਾ ਨਹੀਂ ਚੁਗਾਂਦਾ । ਉਹ ਕੂੰਜ ਆਪਣੇ ਬੱਚਿਆਂ ਦਾ ਧਿਆਨ ਆਪਣੇ ਮਨ ਵਿੱਚ ਧਰਦੀ ਰਹਿੰਦੀ ਹੈ ਤੇ, ਇਸੇ




ਨੂੰ ਪ੍ਰਭੂ ਉਹਨਾਂ ਦੇ ਪਾਲਣ ਦਾ ਵਸੀਲਾ ਬਣਾਉਂਦਾ ਹੈ।

**ਸਭਿ ਨਿਧਾਨ ਦਸ ਅਸਟ ਸਿਧਾਨ**
**ਠਾਕੁਰ ਕਰ ਤਲ ਧਰਿਆ ॥**
**ਜਨ ਨਾਨਕ ਬਲਿ ਬਲਿ ਸਦ ਬਲਿ ਜਾਈਐ**
**ਤੇਰਾ ਅੰਤੁ ਨ ਪਾਰਾਵਰਿਆ॥੪॥੫॥**

ਹੇ ਪਾਲਣਹਾਰ ਪ੍ਰਭੂ! ਜਗਤ ਦੇ ਸਾਰੇ ਖ਼ਜ਼ਾਨੇ ਤੇ ਅਠਾਰਾਂ ਸਿੱਧੀਆਂ (ਮਾਨੋ) ਤੇਰੇ ਹੱਥਾਂ ਦੀਆਂ ਤਲੀਆਂ ਉੱਤੇ ਰੱਖੇ ਪਏ ਹਨ । ਹੇ ਦਾਸ ਨਾਨਕ! ਐਸੇ ਪ੍ਰਭੂ ਤੋਂ ਸਦਾ ਸਦਕੇ ਹੋ, ਸਦਾ ਕੁਰਬਾਨ ਹੋ, (ਤੇ ਆਖ ਹੇ ਪ੍ਰਭੂ!) ਤੇਰੀ ਬਜ਼ੁਰਗੀ ਦੇ ਉਰਲੇ ਪਾਰਲੇ ਬੰਨੇ ਦਾ ਅੰਤ ਨਹੀਂ ਪੈ ਸਕਦਾ।

**ਰਾਗੁ ਆਸਾ ਮਹਲਾ ੪ ਸੋ ਪੁਰਖੁ ੴ ਸਤਿਗੁਰ ਪ੍ਰਸਾਦਿ॥**
**ਸੋ ਪੁਰਖੁ ਨਿਰੰਜਨੁ ਹਰਿ ਪੁਰਖੁ ਨਿਰੰਜਨੁ**
**ਹਰਿ ਅਗਮਾ ਅਗਮ ਅਪਾਰਾ॥**

ਉਹ ਪਰਮਾਤਮਾ ਸਾਰੇ ਜੀਵਾਂ ਵਿੱਚ ਵਿਆਪਕ ਹੈ (ਫਿਰ ਭੀ) ਮਾਇਆ ਦੇ ਪ੍ਰਭਾਵ ਤੋਂ ਉਤਾਂਹ ਹੈ, ਅਪਹੁੰਚ ਹੈ ਅਤੇ ਬੇਅੰਤ ਹੈ ।

**ਸਭਿ ਧਿਆਵਹਿ ਸਭਿ ਧਿਆਵਹਿ ਤੁਧੁ ਜੀ**
**ਹਰਿ ਸਚੇ ਸਿਰਜਣਹਾਰਾ॥**
**ਸਭਿ ਜੀਅ ਤੁਮਾਰੇ ਜੀ ਤੂੰ ਜੀਆ ਕਾ ਦਾਤਾਰਾ॥**

ਹੇ ਸਦਾ ਕਾਇਮ ਰਹਿਣ ਵਾਲੇ ਅਤੇ ਸਭ ਜੀਵਾਂ ਨੂੰ ਪੈਦਾ ਕਰਨ ਵਾਲੇ ਹਰੀ! ਸਾਰੇ ਜੀਵ ਤੈਨੂੰ ਸਦਾ ਸਿਮਰਦੇ ਹਨ, ਤੇਰਾ ਧਿਆਨ ਧਰਦੇ ਹਨ । ਹੇ ਪ੍ਰਭੂ! ਸਾਰੇ ਜੀਵ ਤੇਰੇ ਹੀ ਪੈਦਾ ਕੀਤੇ ਹੋਏ ਹਨ, ਤੂੰ ਹੀ ਸਭ ਜੀਵਾਂ ਦਾ ਰਾਜ਼ਕ

ਹੈਂ, ਰਿਜ਼ਕ ਭਾਵ ਖਾਣ-ਪੀਣ ਦੇਣ ਵਾਲਾ ਹੈਂ।

**ਹਰਿ ਧਿਆਵਹੁ ਸੰਤਹੁ ਜੀ ਸਭਿ ਦੂਖ ਵਿਸਾਰਣਹਾਰਾ॥**
**ਹਰਿ ਆਪੇ ਠਾਕੁਰੁ ਹਰਿ ਆਪੇ ਸੇਵਕੁ ਜੀ**
**ਕਿਆ ਨਾਨਕ ਜੰਤ ਵਿਚਾਰਾ॥੧॥**

ਹੇ ਸੰਤ ਜਨੋ! ਉਸ ਪਰਮਾਤਮਾ ਦਾ ਧਿਆਨ ਧਰਿਆ ਕਰੋ, ਉਹ ਸਾਰੇ ਦੁੱਖਾਂ ਦਾ ਨਾਸ ਕਰਨ ਵਾਲਾ ਹੈ । ਉਹ (ਸਭ ਜੀਵਾਂ ਵਿੱਚ ਵਿਆਪਕ ਹੋਣ ਕਰਕੇ) ਆਪ ਹੀ ਮਾਲਕ ਹੈ ਅਤੇ ਆਪ ਹੀ ਸੇਵਕ ਹੈ । (ਹੇ ਨਾਨਕ! ਉਸ ਤੋਂ ਬਿਨਾਂ) ਜੀਵ ਵਿਚਾਰੇ ਕੀਹ ਹਨ? ਹਰੀ ਤੋਂ ਵੱਖਰੀ, ਜੀਵਾਂ ਦੀ ਕੋਈ ਹਸਤੀ ਨਹੀਂ ।

**ਤੂ ਘਟ ਘਟ ਅੰਤਰਿ ਸਰਬ ਨਿਰੰਤਰਿ ਜੀ**
**ਹਰ ਏਕੋ ਪੁਰਖੁ ਸਮਾਣਾ॥**
**ਇਕਿ ਦਾਤੇ ਇਕਿ ਭੇਖਾਰੀ ਜੀ**
**ਸਭਿ ਤੇਰੇ ਚੋਜ ਵਿਡਾਣਾ॥**

ਹੇ ਹਰੀ! ਤੂੰ ਹਰੇਕ ਸਰੀਰ ਵਿੱਚ ਵਿਆਪਕ ਹੈਂ; ਤੂੰ ਸਾਰੇ ਜੀਵਾਂ ਵਿੱਚ ਇਕ-ਰਸ ਮੌਜੂਦ ਹੈਂ, ਤੂੰ ਇਕ ਆਪ ਹੀ ਸਭ ਵਿੱਚ ਸਮਾਇਆ ਹੋਇਆ ਹੈਂ । (ਫਿਰ ਭੀ) ਕਈ ਜੀਵ ਦਾਨੀ ਹਨ, ਕਈ ਜੀਵ ਮੰਗਤੇ ਹਨ ਇਹ ਸਾਰੇ ਤੇਰੇ ਹੀ ਅਚਰਜ ਤਮਾਸ਼ੇ ਹਨ।

**ਤੂੰ ਆਪੇ ਦਾਤਾ ਆਪੇ ਭੁਗਤਾ ਜੀ**
**ਹਉ ਤੁਧੁ ਬਿਨੁ ਅਵਰੁ ਨ ਜਾਣਾ॥**
**ਤੂੰ ਪਾਰਬ੍ਰਹਮੁ ਬੇਅੰਤੁ ਬੇਅੰਤੁ ਜੀ**





**ਤੇਰੇ ਕਿਆ ਗੁਣ ਆਖਿ ਵਖਾਣਾ॥**
**ਜੋ ਸੇਵਹਿ ਜੋ ਸੇਵਹਿ ਤੁਧੁ ਜੀ**
**ਜਨੁ ਨਾਨਕੁ ਤਿਨ ਕੁਰਬਾਣਾ॥੨॥**

ਤੂੰ ਆਪ ਹੀ ਦਾਤਾਂ ਦੇਣ ਵਾਲਾ ਹੈਂ, ਤੇ ਆਪ (ਹੀ ਉਹਨਾਂ ਦਾਤਾਂ ਨੂੰ) ਵਰਤਣ ਵਾਲਾ ਹੈਂ । (ਸਾਰੀ ਸ੍ਰਿਸ਼ਟੀ ਵਿੱਚ) ਮੈਂ ਤੈਥੋਂ ਬਿਨਾਂ ਕਿਸੇ ਹੋਰ ਨੂੰ ਨਹੀਂ ਪਛਾਣਦਾ ਮੈਨੂੰ ਕੋਈ ਹੋਰ ਨਹੀਂ ਦਿਸਦਾ।

ਮੈਂ ਤੇਰੇ ਕਿਹੜੇ-ਕਿਹੜੇ ਗੁਣ ਗਾ ਕੇ ਦੱਸਾਂ? ਤੂੰ ਬੇਅੰਤ ਪਾਰਬ੍ਰਹਮ ਹੈਂ, ਹੇ ਪ੍ਰਭੂ! ਜੇਹੜੇ ਮਨੁੱਖ ਤੈਨੂੰ ਯਾਦ ਕਰਦੇ ਹਨ, ਤੈਨੂੰ ਸਿਮਰਦੇ ਹਨ (ਤੇਰਾ) ਦਾਸ ਨਾਨਕ ਉਹਨਾਂ ਤੋਂ ਸਦਕੇ ਜਾਂਦਾ ਹੈ।

**ਹਰਿ ਧਿਆਵਹਿ ਹਰਿ ਧਿਆਵਹਿ ਤੁਧੁ ਜੀ**
**ਸੇ ਜਨ ਜੁਗ ਮਹਿ ਸੁਖਵਾਸੀ॥**

ਹੇ ਪ੍ਰਭੂ ਜੀ! ਜੋ ਮਨੁੱਖ ਤੈਨੂੰ ਸਿਮਰਦੇ ਹਨ, ਤੇਰਾ ਧਿਆਨ ਧਰਦੇ ਹਨ, ਉਹ ਆਪਣੀ ਜ਼ਿੰਦਗੀ ਵਿੱਚ ਸੁਖੀ ਵੱਸਦੇ ਹਨ ।

**ਸੇ ਮੁਕਤੁ ਸੇ ਮੁਕਤੁ ਭਏ ਜਿਨ ਹਰਿ ਧਿਆਇਆ ਜੀ**
**ਤਿਨ ਤੂਟੀ ਜਮ ਕੀ ਫਾਸੀ॥**
**ਜਿਨ ਨਿਰਭਉ ਜਿਨ ਹਰਿ ਨਿਰਭਉ ਧਿਆਇਆ ਜੀ**
**ਤਿਨ ਕਾ ਭਉ ਸਭੁ ਗਵਾਸੀ॥**

ਜਿਨ੍ਹਾਂ ਮਨੁੱਖਾਂ ਨੇ ਹਰਿ-ਨਾਮ ਸਿਮਰਿਆ ਹੈ, ਉਹ ਸਦਾ ਲਈ ਮਾਇਆ ਦੇ ਬੰਧਨਾਂ ਤੋਂ ਆਜ਼ਾਦ ਹੋ ਗਏ ਹਨ, ਉਹਨਾਂ ਦੀ ਜਮਾਂ ਵਾਲੀ ਫਾਹੀ ਟੁੱਟ ਗਈ ਹੈ (ਆਤਮਕ ਮੌਤ ਉਹਨਾਂ ਦੇ ਨੇੜੇ ਨਹੀਂ ਢੁੱਕਦੀ) । ਜਿਨ੍ਹਾਂ ਬੰਦਿਆਂ ਨੇ ਸਦਾ ਨਿਰਭਉ ਪ੍ਰਭੂ ਦਾ ਨਾਮ ਸਿਮਰਿਆ ਹੈ; ਪ੍ਰਭੂ ਉਹਨਾਂ ਦਾ

ਸਾਰਾ ਡਰ ਦੂਰ ਕਰ ਦੇਂਦਾ ਹੈ ।

**ਜਿਨ ਸੇਵਿਆ ਜਿਨ ਸੇਵਿਆ ਮੇਰਾ ਹਰਿ ਜੀ,**
**ਤੇ ਹਰਿ ਹਰਿ ਰੂਪਿ ਸਮਾਸੀ॥**
**ਸੇ ਧੰਨੁ ਸੇ ਧੰਨੁ ਜਿਨ ਹਰਿ ਧਿਆਇਆ ਜੀ,**
**ਜਨੁ ਨਾਨਕੁ ਤਿਨ ਬਲਿ ਜਾਸੀ॥੩॥**

ਜਿਨ੍ਹਾਂ ਮਨੁੱਖਾਂ ਨੇ ਪਿਆਰੇ ਪ੍ਰਭੂ ਨੂੰ ਸਦਾ ਸਿਮਰਿਆ ਹੈ, ਉਹ ਪ੍ਰਭੂ ਦੇ ਰੂਪ ਵਿੱਚ ਹੀ ਲੀਨ ਹੋ ਗਏ ਹਨ । ਭਾਗਾਂ ਵਾਲੇ ਹਨ ਉਹ ਮਨੁੱਖ, ਧੰਨ ਹਨ ਉਹ ਮਨੁੱਖ, ਜਿੰਨ੍ਹਾਂ ਪ੍ਰਭੂ ਦਾ ਨਾਮ ਸਿਮਰਿਆ ਹੈ । ਦਾਸ ਨਾਨਕ ਉਹਨਾਂ ਤੋਂ ਸਦਕੇ ਜਾਂਦਾ ਹੈ।

**ਤੇਰੀ ਭਗਤਿ ਤੇਰੀ ਭਗਤਿ ਭੰਡਾਰ ਜੀ**
**ਭਰੇ ਬਿਅੰਤ ਬੇਅੰਤਾ॥**
**ਤੇਰੇ ਭਗਤ ਤੇਰੇ ਭਗਤ ਸਲਾਹਨਿ ਤੁਧੁ ਜੀ**
**ਹਰਿ ਅਨਿਕ ਅਨੇਕ ਅਨੰਤਾ॥**

ਹੇ ਪ੍ਰਭੂ! ਤੇਰੀ ਭਗਤੀ ਦੇ ਬੇਅੰਤ ਖ਼ਜ਼ਾਨੇ ਭਰੇ ਪਏ ਹਨ । ਹੇ ਹਰੀ! ਅਨੇਕਾਂ ਤੇ ਬੇਅੰਤ ਤੇਰੇ ਭਗਤ ਤੇਰੀ ਸਿਫ਼ਤਿ-ਸਾਲਾਹ ਕਰ ਰਹੇ ਹਨ ।

**ਤੇਰੀ ਅਨਿਕ ਤੇਰੀ ਅਨਿਕ ਕਰਹਿ ਹਰਿ ਪੂਜਾ ਜੀ**
**ਤਪੁ ਤਾਪਹਿ ਜਪਹਿ ਬੇਅੰਤਾ॥**
**ਤੇਰੇ ਅਨੇਕ ਤੇਰੇ ਅਨੇਕ ਪੜਹਿ ਬਹੁ ਸਿਮ੍ਰਿਤਿ ਸਾਸਤ ਜੀ**
**ਕਰਿ ਕਿਰਿਆ ਖਟੁ ਕਰਮ ਕਰੰਤਾ॥**

ਹੇ ਪ੍ਰਭੂ! ਅਨੇਕਾਂ ਜੀਵ ਤੇਰੀ ਪੂਜਾ ਕਰਦੇ ਹਨ । ਬੇਅੰਤ ਜੀਵ (ਤੈਨੂੰ





ਮਿਲਣ ਲਈ) ਤਪ ਸਾਧਦੇ ਹਨ । ਤੇਰੇ ਅਨੇਕਾਂ (ਸੇਵਕ) ਕਈ ਸਿਮ੍ਰਿਤੀਆਂ ਅਤੇ ਸ਼ਾਸਤ੍ਰ ਪੜ੍ਹਦੇ ਹਨ (ਅਤੇ ਉਹਨਾਂ ਦੇ ਦੱਸੇ ਹੋਏ) ਛੇ ਧਾਰਮਿਕ ਕੰਮ ਤੇ ਹੋਰ ਕਰਮ ਕਰਦੇ ਹਨ ।

**ਸੇ ਭਗਤ ਸੇ ਭਗਤ ਭਲੇ ਜਨ ਨਾਨਕ ਜੀ**
**ਜੋ ਭਾਵਹਿ ਮੇਰੇ ਹਰਿ ਭਗਵੰਤਾ॥੪॥**

ਹੇ ਦਾਸ ਨਾਨਕ! ਉਹੀ ਭਗਤ ਭਲੇ ਹਨ (ਉਹਨਾਂ ਦੀ ਹੀ ਘਾਲ ਕਬੂਲ ਹੋਈ ਜਾਣੋ) ਜੋ ਪਿਆਰੇ ਹਰਿ-ਭਗਵੰਤ ਨੂੰ ਪਿਆਰੇ ਲੱਗਦੇ ਹਨ ।4।

**ਤੂੰ ਆਦਿ ਪੁਰਖੁ ਅਪਰੰਪਰੁ ਕਰਤਾ ਜੀ**
**ਤੁਧੁ ਜੇਵਡੁ ਅਵਰੁ ਨ ਕੋਈ॥**
**ਤੂੰ ਜੁਗੁ ਜੁਗੁ ਏਕੋ ਸਦਾ ਸਦਾ ਤੂੰ ਏਕੋ ਜੀ**
**ਤੂੰ ਨਿਹਚਲੁ ਕਰਤਾ ਸੋਈ॥**

ਹੇ ਪ੍ਰਭੂ! ਤੂੰ (ਸਾਰੇ ਜਗਤ ਦਾ) ਮੂਲ ਹੈਂ, ਸਭ ਵਿੱਚ ਵਿਆਪਕ ਹੈਂ, ਬੇਅੰਤ ਹੈਂ, ਸਭ ਨੂੰ ਪੈਦਾ ਕਰਨ ਵਾਲਾ ਹੈਂ, ਅਤੇ ਤੇਰੇ ਬਰਾਬਰ ਦਾ ਹੋਰ ਕੋਈ ਨਹੀਂ ਹੈ । ਤੂੰ ਹਰੇਕ ਜੁਗ ਵਿੱਚ ਇਕ ਆਪ ਹੀ ਹੈਂ, ਤੂੰ ਸਦਾ ਹੀ ਆਪ ਹੀ ਆਪ ਹੈਂ, ਤੂੰ ਸਦਾ ਕਾਇਮ ਰਹਿਣ ਵਾਲਾ ਹੈਂ, ਸਭ ਨੂੰ ਪੈਦਾ ਕਰਨ ਵਾਲਾ ਹੈਂ, ਸਭ ਦੀ ਸਾਰ ਲੈਣ ਵਾਲਾ ਹੈਂ ।

**ਤੁਧੁ ਆਪੇ ਭਾਵੈ ਸੋਈ ਵਰਤੈ ਜੀ ਤੂੰ ਆਪੇ ਕਰਹਿ ਸੁ ਹੋਈ ॥**
**ਤੁਧੁ ਆਪੇ ਸ੍ਰਿਸਟਿ ਸਭ ਉਪਾਈ ਜੀ**
**ਤੁਧੁ ਆਪੇ ਸਿਰਜਿ ਸਭ ਗੋਈ॥**
**ਜਨੁ ਨਾਨਕੁ ਗੁਣ ਗਾਵੈ ਕਰਤੇ ਕੇ ਜੀ**

**ਜੋ ਸਭਸੈ ਕਾ ਜਾਣੋਈ॥੫॥੧॥**

ਹੇ ਪ੍ਰਭੂ! ਜਗਤ ਵਿੱਚ ਉਹੀ ਹੁੰਦਾ ਹੈ ਜੋ ਤੈਨੂੰ ਆਪ ਨੂੰ ਚੰਗਾ ਲੱਗਦਾ ਹੈ, ਉਹੀ ਹੁੰਦਾ ਹੈ ਜੋ ਤੂੰ ਆਪ ਹੀ ਕਰਦਾ ਹੈਂ । ਹੇ ਪ੍ਰਭੂ! ਸਾਰੀ ਸ੍ਰਿਸ਼ਟੀ ਤੂੰ ਆਪ ਹੀ ਪੈਦਾ ਕੀਤੀ ਹੈ। ਤੂੰ ਆਪ ਹੀ ਇਸ ਨੂੰ ਪੈਦਾ ਕਰਕੇ ਆਪ ਹੀ ਇਸ ਨੂੰ ਨਾਸ ਕਰਦਾ ਹੈਂ। ਦਾਸ ਨਾਨਕ ਉਸ ਕਰਤਾਰ ਦੇ ਗੁਣ ਗਾਉਂਦਾ ਹੈ ਜੋ ਹਰੇਕ ਜੀਵ ਦੇ ਦਿਲ ਦੀ ਜਾਨਣ ਵਾਲਾ ਹੈ ।5।1।

**ਆਸਾ ਮਹਲਾ ੪ ॥**
**ਤੂੰ ਕਰਤਾ ਸਚਿਆਰੁ ਮੈਡਾ ਸਾਂਈ॥**
**ਜੋ ਤਉ ਭਾਵੈ ਸੋਈ ਥੀਸੀ**
**ਜੋ ਤੂੰ ਦੇਹਿ ਸੋਈ ਹਉ ਪਾਈ॥੧॥ਰਹਾਉ॥**

(ਹੇ ਪ੍ਰਭੂ!) ਤੂੰ ਸਭ ਨੂੰ ਪੈਦਾ ਕਰਨ ਵਾਲਾ ਹੈਂ, ਤੂੰ ਸਦਾ ਕਾਇਮ ਰਹਿਣ ਵਾਲਾ ਹੈਂ, ਤੂੰ ਹੀ ਮੇਰਾ ਖਸਮ ਹੈਂ । (ਜਗਤ ਵਿੱਚ) ਉਹੀ ਕੁਝ ਹੁੰਦਾ ਹੈ ਜੋ ਤੈਨੂੰ ਪਸੰਦ ਆਉਂਦਾ ਹੈ । ਜੋ ਕੁਝ ਤੂੰ ਦੇਵੇਂ, ਮੈਂ ਉਹੀ ਕੁਝ ਪ੍ਰਾਪਤ ਕਰਦਾ ਹਾਂ।

**ਸਭ ਤੇਰੀ ਤੂੰ ਸਭਨੀ ਧਿਆਇਆ ॥**
**ਜਿਸ ਨੋ ਕ੍ਰਿਪਾ ਕਰਹਿ ਤਿਨਿ ਨਾਮ ਰਤਨੁ ਪਾਇਆ॥**

(ਹੇ ਪ੍ਰਭੂ!) ਸਾਰੀ ਸ੍ਰਿਸ਼ਟੀ ਤੇਰੀ (ਬਣਾਈ ਹੋਈ) ਹੈ, ਸਾਰੇ ਜੀਵ ਤੈਨੂੰ ਹੀ ਸਿਮਰਦੇ ਹਨ । ਜਿਸ ਉੱਤੇ ਤੂੰ ਦਇਆ ਕਰਦਾ ਹੈਂ ਉਸੇ ਨੇ ਤੇਰਾ ਰਤਨ ਵਰਗਾ ਕੀਮਤੀ) ਨਾਮ ਲੱਭਾ ਹੈ।

**ਗੁਰਮੁਖਿ ਲਾਧਾ ਮਨਮੁਖਿ ਗਵਾਇਆ॥**





**ਤੁਧੁ ਆਪਿ ਵਿਛੋੜਿਆ ਆਪਿ ਮਿਲਾਇਆ॥੧॥**

ਜੋ ਮਨੁੱਖ ਗੁਰੂ ਦੇ ਸਨਮੁਖ ਹੋਇਆ ਉਸ ਨੇ (ਇਹ ਰਤਨ) ਲੱਭ ਲਿਆ । ਜੋ ਆਪਣੇ ਮਨ ਦੇ ਪਿੱਛੇ ਤੁਰਿਆ, ਉਸ ਨੇ ਗਵਾ ਲਿਆ । (ਪਰ ਕਿਸੇ ਜੀਵ ਦੇ ਕੀਹ ਵੱਸ? ਹੇ ਪ੍ਰਭੂ!) ਜੀਵ ਨੂੰ ਤੂੰ ਆਪ ਹੀ (ਆਪਣੇ ਨਾਲੋਂ) ਵਿਛੋੜਦਾ ਹੈਂ, ਆਪ ਹੀ ਆਪਣੇ ਨਾਲ ਮਿਲਾਂਦਾ ਹੈਂ।

**ਤੂੰ ਦਰੀਆਉ ਸਭ ਤੁਝ ਹੀ ਮਾਹਿ ॥**
**ਤੁਝ ਬਿਨੁ ਦੂਜਾ ਕੋਈ ਨਾਹਿ ॥**
**ਜੀਅ ਜੰਤ ਸਭਿ ਤੇਰਾ ਖੇਲੁ ॥**
**ਵਿਜੋਗਿ ਮਿਲਿ ਵਿਛੁੜਿਆ ਸੰਜੋਗੀ ਮੇਲੁ ॥ ੨ ॥**

(ਹੇ ਪ੍ਰਭੂ!) ਤੂੰ (ਜ਼ਿੰਦਗੀ ਦਾ ਮਾਨੋ ਇਕ) ਦਰਿਆ ਹੈਂ, ਸਾਰੇ ਜੀਵ ਤੇਰੇ ਵਿੱਚ ਹੀ (ਮਾਨੋ, ਲਹਿਰਾਂ) ਹਨ । ਤੈਥੋਂ ਬਿਨਾਂ (ਤੇਰੇ ਵਰਗਾ) ਹੋਰ ਕੋਈ ਨਹੀਂ ਹੈ । ਇਹ ਸਾਰੇ ਜੀਅ ਜੰਤ ਤੇਰੀ (ਰਚੀ ਹੋਈ) ਖੇਡ ਹੈ । ਜਿਨ੍ਹਾਂ ਦੇ ਮੱਥੇ ਉਤੇ ਵਿਛੋੜੇ ਦਾ ਲੇਖ ਹੈ, ਉਹ ਮਨੁੱਖਾ ਜਨਮ ਪ੍ਰਾਪਤ ਕਰ ਕੇ ਭੀ ਤੈਥੋਂ ਵਿਛੁੜੇ ਹੋਏ ਹਨ। (ਪਰ ਤੇਰੀ ਰਜ਼ਾ ਅਨੁਸਾਰ) ਸੰਜੋਗਾਂ ਦੇ ਲੇਖ ਨਾਲ (ਫਿਰ ਤੇਰੇ ਨਾਲ) ਮਿਲਾਪ ਹੋ ਜਾਂਦਾ ਹੈ ।2।

**ਜਿਸ ਨੋ ਤੂ ਜਾਣਾਇਹਿ ਸੋਈ ਜਨੁ ਜਾਣੈ॥**
**ਹਰਿਗੁਣ ਸਦ ਹੀ ਆਖਿ ਵਖਾਣੈ॥**
**ਜਿਨਿ ਹਰਿ ਸੇਵਿਆ ਤਿਨਿ ਸੁਖੁ ਪਾਇਆ॥**
**ਸਹਜੇ ਹੀ ਹਰਿ ਨਾਮਿ ਸਮਾਇਆ॥੩॥**

(ਹੇ ਪ੍ਰਭੂ!) ਜਿਸ ਮਨੁੱਖ ਨੂੰ ਤੂੰ ਆਪ ਸੂਝ ਬਖ਼ਸ਼ਦਾ ਹੈਂ, ਉਹ ਮਨੁੱਖ (ਜੀਵਨ ਦਾ ਸਹੀ ਰਸਤਾ) ਸਮਝਦਾ ਹੈ । ਉਹ ਮਨੁੱਖ, ਹੇ ਹਰੀ! ਸਦਾ ਤੇਰੇ

ਗੁਣ ਗਾਂਦਾ ਹੈ, ਅਤੇ (ਹੋਰਨਾਂ ਨੂੰ) ਉਚਾਰ ਉਚਾਰ ਕੇ ਸੁਣਾਂਦਾ ਹੈ ।

(ਹੇ ਭਾਈ!) ਜਿਸ ਮਨੁੱਖ ਨੇ ਪਰਮਾਤਮਾ ਦਾ ਨਾਮ ਸਿਮਰਿਆ ਹੈ, ਉਸ ਨੇ ਸੁਖ ਹਾਸਲ ਕੀਤਾ ਹੈ । ਉਹ ਮਨੁੱਖ ਸਦਾ ਆਤਮਕ ਅਡੋਲਤਾ ਵਿਚ ਟਿਕਿਆ ਰਹਿ ਕੇ ਪ੍ਰਭੂ ਦੇ ਨਾਮ ਵਿੱਚ ਲੀਨ ਹੋ ਜਾਂਦਾ ਹੈ।

**ਤੂੰ ਆਪੇ ਕਰਤਾ ਤੇਰਾ ਕੀਆ ਸਭੁ ਹੋਇ॥**
**ਤੁਧੁ ਬਿਨੁ ਦੂਜਾ ਅਵਰੁ ਨ ਕੋਇ॥**
**ਤੂ ਕਰਿ ਕਰਿ ਵੇਖਹਿ ਜਾਣਹਿ ਸੋਇ॥**
**ਜਨ ਨਾਨਕ ਗੁਰਮੁਖਿ ਪਰਗਟੁ ਹੋਇ॥੪॥੨॥**

(ਹੇ ਪ੍ਰਭੂ!) ਤੂੰ ਆਪ ਹੀ ਸਭ ਕੁਝ ਪੈਦਾ ਕਰਨ ਵਾਲਾ ਹੈਂ, ਸਭ ਕੁਝ ਤੇਰਾ ਕੀਤਾ ਹੀ ਹੁੰਦਾ ਹੈ । ਤੈਥੋਂ ਬਿਨਾਂ (ਤੇਰੇ ਵਰਗਾ) ਹੋਰ ਕੋਈ ਨਹੀਂ ਹੈ। ਜੀਵ ਪੈਦਾ ਕਰ ਕੇ ਉਹਨਾਂ ਦੀ ਸੰਭਾਲ ਭੀ ਤੂੰ ਆਪ ਹੀ ਕਰਦਾ ਹੈਂ, ਤੇ ਹਰੇਕ (ਦੇ ਦਿਲ) ਦੀ ਸਾਰ ਜਾਣਦਾ ਹੈਂ । ਹੇ ਦਾਸ ਨਾਨਕ! ਜੋ ਮਨੁੱਖ ਗੁਰੂ ਦੀ ਸ਼ਰਨ ਪੈਂਦਾ ਹੈ ਉਸ ਦੇ ਅੰਦਰ ਪਰਮਾਤਮਾ ਪਰਗਟ ਹੋ ਜਾਂਦਾ ਹੈ।

**ਆਸਾ ਮਹਲਾ ੧ ॥**
**ਤਿਤੁ ਸਰਵਰੜੈ ਭਈਲੇ ਨਿਵਾਸਾ ਪਾਣੀ ਪਾਵਕੁ ਤਿਨਹਿ ਕੀਆ॥**
**ਪੰਕ ਜੁ ਮੋਹ ਪਗੁ ਨਹੀ ਚਾਲੈ ਹਮ ਦੇਖਾ ਤਹ ਡੂਬੀਅਲੇ ॥੧॥**

(ਹੇ ਭਾਈ! ਸਾਡੀ ਜੀਵਾਂ ਦੀ) ਉਸ ਭਿਆਨਕ (ਸੰਸਾਰ) ਸਰੋਵਰ ਵਿੱਚ ਵੱਸੋਂ ਹੈ (ਜਿਸ ਵਿੱਚ) ਉਸ ਪ੍ਰਭੂ ਨੇ ਆਪ ਹੀ ਪਾਣੀ (ਦੀ ਥਾਂ ਤ੍ਰਿਸ਼ਨਾ ਦੀ) ਅੱਗ ਪੈਦਾ ਕੀਤੀ ਹੋਈ ਹੈ (ਅਤੇ ਉਸ ਭਿਆਨਕ ਸਰੀਰ ਵਿੱਚ) ਜੋ ਮੋਹ ਦਾ ਚਿੱਕੜ ਹੈ (ਉਸ ਵਿੱਚ ਜੀਵਾਂ ਦਾ) ਪੈਰ ਚੱਲ ਨਹੀਂ ਸਕਦਾ (ਜੀਵ ਮੋਹ ਦੇ ਚਿੱਕੜ ਵਿੱਚ ਫਸੇ ਪਏ ਹਨ) । ਸਾਡੇ ਸਾਹਮਣੇ ਹੀ (ਅਨੇਕਾਂ ਜੀਵ ਮੋਹ





ਦੇ ਚਿੱਕੜ ਵਿੱਚ ਫਸ ਕੇ) ਉਸ (ਤ੍ਰਿਸ਼ਨਾ-ਅੱਗ ਦੇ ਅਸਗਾਹ ਸਮੁੰਦਰ) ਵਿਚ ਡੁੱਬਦੇ ਜਾ ਰਹੇ ਹਨ।

**ਮਨ ਏਕੁ ਨ ਚੇਤਸਿ ਮੂੜ ਮਨਾ॥**
**ਹਰਿ ਬਿਸਰਤ ਤੇਰੇ ਗੁਣ ਗਲਿਆ॥੧॥ਰਹਾਉ॥**

ਹੇ ਮਨ! ਹੇ ਮੂਰਖ ਮਨ! ਤੂੰ ਇੱਕ ਪਰਮਾਤਮਾ ਨੂੰ ਯਾਦ ਨਹੀਂ ਕਰਦਾ। ਤੂੰ ਜਿਉਂ ਜਿਉਂ ਪਰਮਾਤਮਾ ਨੂੰ ਵਿਸਾਰਦਾ ਜਾ ਰਿਹਾ ਹੈਂ, ਤੇਰੇ (ਅੰਦਰੋਂ) ਗੁਣ ਘਟਦੇ ਜਾ ਰਹੇ ਹਨ।

**ਨਾ ਹਉ ਜਤੀ ਸਤੀ ਨਹੀ ਪੜਿਆ**
**ਮੂਰਖ ਮੁਗਧਾ ਜਨਮੁ ਭਇਆ ॥**
**ਪ੍ਰਣਵਤਿ ਨਾਨਕ ਤਿਨ ਕੀ ਸਰਣਾ**
**ਜਿਨ ਤੂੰ ਨਾਹੀ ਵੀਸਰਿਆ॥੨॥੩॥**

(ਹੇ ਪ੍ਰਭੂ!) ਨਾਹ ਮੈਂ ਜਤੀ ਹਾਂ, ਨਾਹ ਮੈਂ ਸਤੀ ਹਾਂ, ਨਾਹ ਹੀ ਮੈਂ ਪੜ੍ਹਿਆ ਹੋਇਆ ਹਾਂ, ਮੇਰਾ ਜੀਵਨ ਤਾਂ ਮੂਰਖ ਬੇਸਮਝਾਂ ਵਾਲਾ ਬਣਿਆ ਹੋਇਆ ਹੈ ਭਾਵ, ਜਤ, ਸਤ ਅਤੇ ਵਿੱਦਿਆ ਇਸ ਤ੍ਰਿਸ਼ਨਾ ਦੀ ਅੱਗ ਅਤੇ ਮੋਹ ਦੇ ਚਿੱਕੜ ਵਿੱਚ ਡਿਗਣੋਂ ਬਚਾ ਨਹੀਂ ਸਕਦੇ । ਜੇ ਮਨੁੱਖ ਪ੍ਰਭੂ ਨੂੰ ਭੁਲਾ ਦੇਵੇ, ਤਾਂ ਜਤ ਸਤ ਵਿੱਦਿਆ ਦੇ ਹੁੰਦਿਆਂ ਭੀ ਮਨੁੱਖ ਦੀ ਜ਼ਿੰਦਗੀ ਮਹਾਂਮੂਰਖਾਂ ਵਾਲੀ ਹੁੰਦੀ ਹੈ। ਸੋ, ਨਾਨਕ ਬੇਨਤੀ ਕਰਦਾ ਹੈ (ਹੇ ਪ੍ਰਭੂ!) ਮੈਨੂੰ ਉਹਨਾਂ (ਗੁਰਮੁਖਾਂ) ਦੀ ਸਰਨ ਵਿਚ ਰੱਖ, ਜਿਨ੍ਹਾਂ ਨੂੰ ਤੂੰ ਨਹੀਂ ਭੁੱਲਿਆ (ਜਿਨ੍ਹਾਂ ਨੂੰ ਤੇਰੀ ਯਾਦ ਨਹੀਂ ਭੁੱਲੀ)।

**ਆਸਾ ਮਹਲਾ ੫ ॥**

**ਭਈ ਪਰਾਪਤਿ ਮਾਨੁਖ ਦੇਹੁਰੀਆ॥**

**ਗੋਬਿੰਦ ਮਿਲਣ ਕੀ ਇਹ ਤੇਰੀ ਬਰੀਆ॥**

**ਅਵਰਿ ਕਾਜ ਤੇਰੈ ਕਿਤੈ ਨ ਕਾਮ॥**

**ਮਿਲੁ ਸਾਧ ਸੰਗਤਿ ਭਜੁ ਕੇਵਲ ਨਾਮ॥੧॥**

(ਹੇ ਭਾਈ!) ਤੈਨੂੰ ਸੋਹਣਾ ਮਨੁੱਖਾ ਸਰੀਰ ਮਿਲਿਆ ਹੈ । ਪਰਮਾਤਮਾ ਨੂੰ ਮਿਲਣ ਦਾ ਤੇਰੇ ਲਈ ਇਹੀ ਮੌਕਾ ਹੈ । (ਜੇ ਪ੍ਰਭੂ ਨੂੰ ਮਿਲਣ ਲਈ ਕੋਈ ਉੱਦਮ ਨਾਹ ਕੀਤਾ, ਤਾਂ) ਹੋਰ ਸਾਰੇ ਕੰਮ ਤੇਰੇ ਆਪਣੇ ਕਿਸੇ ਭੀ ਅਰਥ ਦੇ ਨਹੀਂ (ਤੇਰੀ ਜਿੰਦ ਨੂੰ ਕੋਈ ਲਾਭ ਨਹੀਂ ਹੋਵੇਗਾ) । (ਇਸ ਵਾਸਤੇ) ਸਾਧ ਸੰਗਤਿ ਵਿਚ (ਭੀ) ਮਿਲ ਬੈਠਿਆ ਕਰ ਅਤੇ ਸਿਰਫ਼ ਪਰਮਾਤਮਾ ਦਾ ਨਾਮ ਸਿਮਰਿਆ ਕਰ (ਸਾਧ ਸੰਗਤਿ ਦਾ ਲਾਭ ਤਾਂ ਹੀ ਹੈ ਜੇ ਪਰਮਾਤਮਾ ਦੀ ਸਿਫ਼ਤਿ-ਸਾਲਾਹ ਵਿੱਚ ਜੁੜੀਏ)।

**ਸਰੰਜਾਮਿ ਲਾਗੁ ਭਵਜਲ ਤਰਨ ਕੈ॥**

**ਜਨਮ ਬ੍ਰਿਥਾ ਜਾਤ ਰੰਗਿ ਮਾਇਆ ਕੈ॥੧॥ ਰਹਾਉ ॥**

(ਹੇ ਭਾਈ!) ਸੰਸਾਰ-ਸਮੁੰਦਰ ਤੋਂ ਪਾਰ ਲੰਘਣ ਦੇ (ਭੀ) ਆਹਰੇ ਲੱਗ। (ਨਿਰੇ) ਮਾਇਆ ਦੇ ਪਿਆਰ ਵਿਚ ਮਨੁੱਖਾ ਜਨਮ ਵਿਅਰਥ ਜਾ ਰਿਹਾ ਹੈ।

**ਜਪੁ ਤਪੁ ਸੰਜਮੁ ਧਰਮੁ ਨ ਕਮਾਇਆ॥**

**ਸੇਵਾ ਸਾਧ ਨ ਜਾਨਿਆ ਹਰਿ ਰਾਇਆ॥**

**ਕਹੁ ਨਾਨਕ ਹਮ ਨੀਚ ਕਰੰਮਾ॥**

**ਸਰਣਿ ਪਰੇ ਕੀ ਰਾਖਹੁ ਸਰਮਾ॥੨॥੪॥**





(ਹੇ ਭਾਈ!) ਤੂੰ ਪ੍ਰਭੂ ਦਾ ਸਿਮਰਨ ਨਹੀਂ ਕਰਦਾ, (ਪ੍ਰਭੂ ਨੂੰ ਮਿਲਣ ਲਈ ਸੇਵਾ ਆਦਿਕ ਦਾ ਕੋਈ) ਉੱਦਮ ਨਹੀਂ ਕਰਦਾ, ਮਨ ਨੂੰ ਵਿਕਾਰਾਂ ਵਲੋਂ ਰੋਕਣ ਦਾ ਤੂੰ ਜਤਨ ਨਹੀਂ ਕਰਦਾ ਤੂੰ ਅਜਿਹਾ ਕੋਈ ਧਰਮ ਨਹੀਂ ਕਮਾਂਦਾ । ਨਾਹ ਤੂੰ ਗੁਰੂ ਦੀ ਸੇਵਾ ਕੀਤੀ, ਨਾਹ ਤੂੰ ਮਾਲਕ ਪ੍ਰਭੂ ਦਾ ਨਾਮ ਸਿਮਰਨ ਕੀਤਾ । ਹੇ ਨਾਨਕ! (ਪ੍ਰਭੂ ਦੇ ਦਰ ਤੇ ਅਰਦਾਸ ਕਰ, ਤੇ) ਆਖ(ਹੇ ਪ੍ਰਭੂ!) ਅਸੀਂ ਜੀਵ ਮੰਦ-ਕਰਮੀ ਹਾਂ (ਤੇਰੀ ਸਰਨ ਪਏ ਹਾਂ), ਸ਼ਰਨ ਪਿਆਂ ਦੀ ਲਾਜ ਰੱਖ।

**ਪਾ: ੧੦ ਕਬਿਯੋ ਬਾਚ ਬੇਨਤੀ॥ਚੌਪਈ॥**

**ਹਮਰੀ ਕਰੋ ਹਾਥ ਦੈ ਰੱਛਾ॥**

**ਪੂਰਨ ਹੋਇ ਚਿੱਤ ਕੀ ਇਛਾ॥**

ਹੇ ਅਕਾਲ ਪੁਰਖ ਜੀਓ! ਆਪਣਾ ਹੱਥ ਦੇ ਕੇ ਮੇਰੀ ਰੱਖਿਆ ਕਰੋ ਜੀ। ਮੇਰੇ ਮਨ ਦੀ ਸੱਧਰ (ਇੱਛਾ) ਪੂਰੀ ਹੋਵੇ।

**ਤਵ ਚਰਨਨ ਮਨ ਰਹੈ ਹਮਾਰਾ॥**

**ਅਪਨਾ ਜਾਨ ਕਰੋ ਪ੍ਰਤਿਪਾਰਾ॥੧॥**

ਕਿ ਮੇਰਾ ਮਨ (ਹਮੇਸ਼ਾਂ) ਆਪ ਜੀ ਦੇ ਚਰਨਾਂ ਵਿੱਚ ਜੁੜਿਆ ਰਹੇ। ਮੈਨੂੰ ਆਪਣਾ ((ਦਾਸ) ਸਮਝ ਕੇ ਮੇਰੀ ਹਰ ਤਰ੍ਹਾਂ ਪ੍ਰਤਿਪਾਲਣਾ ਕਰੋ ਜੀ।

**ਹਮਰੇ ਦੁਸਟ ਸਭੈ ਤੁਮ ਘਾਵਹੁ॥**

**ਆਪੁ ਹਾਥ ਦੈ ਮੋਹਿ ਬਚਾਵਹੁ॥**

ਹੇ ਵਾਹਿਗੁਰੂ ਜੀਓ! (ਆਪਣੀ ਸ਼ਕਤੀ ਦੁਆਰਾ) ਮੇਰੇ ਸਾਰੇ ਦੋਖੀ ਮਾਰ ਮੁਕਾਓ ਅਤੇ ਆਪਣਾ ਹੱਥ ਦੇ ਕੇ ਮੈਨੂੰ (ਇਨ੍ਹਾਂ ਦੁਸ਼ਟਾਂ ਦੋਖੀਆਂ ਕਾਮ, ਕ੍ਰੋਧ, ਲੋਭ, ਮੋਹ ਅਹੰਕਾਰ ਤੋਂ) ਬਚਾ ਲਵੋ।

**ਸੁਖੀ ਬਸੈ ਮੋਰੋ ਪਰਿਵਾਰਾ॥**
**ਸੇਵਕ ਸਿੱਖ ਸਭੈ ਕਰਤਾਰਾ॥੨॥**

ਮੇਰਾ ਪਰਿਵਾਰ ਸੁਖੀ ਵਸੇ। ਹੇ ਕਰਤਾਰ ਇਹ ਮੇਰਾ ਸਿੱਖ ਪਰਿਵਾਰ ਤੇ ਸਾਰੇ ਤੇਰੇ ਸੇਵਕ ਹੀ ਹਨ।

**ਮੋ ਰੱਛਾ ਨਿਜ ਕਰ ਦੈ ਕਰਿਯੈ॥**
**ਸਭ ਬੈਰਨ ਕੌ ਆਜ ਸੰਘਰਿਯੈ॥**

(ਹੇ ਵਾਹਿਗੁਰੂ ਜੀਓ!) ਆਪਣਾ ਹੱਥ ਦੇ ਕੇ ਮੇਰੀ ਰੱਖਿਆ ਕਰੋ ਜੀ। ਮੇਰੇ ਸਾਰੇ ਵੈਰੀਆਂ (ਮਨੁੱਖਤਾ ਦੇ ਦੋਖੀਆਂ) ਨੂੰ ਤਤਕਾਲ ਨਸ਼ਟ ਕਰ ਦਿਓ।

**ਪੂਰਨ ਹੋਇ ਹਮਾਰੀ ਆਸਾ॥**
**ਤੋਰ ਭਜਨ ਕੀ ਰਹੈ ਪਿਆਸਾ॥੩॥**

(ਆਪ ਦੀ ਬਖਸ਼ਿਸ਼ ਦੁਆਰਾ) ਮੇਰੀ ਇਹ ਆਸਾ, ਕਿ ਮੈਨੂੰ ਹਰ-ਦਮ ਆਪ ਦੇ ਸਿਮਰਨ ਦੀ ਪਿਆਸ (ਤਾਂਘ) ਲੱਗੀ ਰਹੇ, ਪੂਰੀ ਹੋਵੇ।

**ਤੁਮਹਿ ਛਾਡਿ ਕੋਈ ਅਵਰ ਨ ਧਿਯਾਊਂ॥**
**ਜੋ ਬਰ ਚਹੋਂ ਸੁ ਤੁਮ ਤੇ ਪਾਊਂ॥**

ਹੇ ਅਕਾਲ ਪੁਰਖ ਜੀਓ, (ਮਿਹਰ ਕਰੋ) ਮੈਂ ਤੁਹਾਨੂੰ ਛੱਡ ਕੇ ਕਿਸੇ ਹੋਰ ਦਾ ਧਿਆਨ ਨ ਧਾਰਾਂ। ਜੋ ਵੀ ਆਸ਼ੀਰਵਾਦ ਚਾਹਵਾਂ ਉਹ (ਕੇਵਲ) ਆਪ ਤੋਂ ਹੀ ਪ੍ਰਾਪਤ ਕਰਾਂ।

**ਸੇਵਕ ਸਿਖ ਹਮਾਰੇ ਤਾਰੀਅਹਿ॥**





**ਚੁਨਿ ਚੁਨਿ ਸਤ੍ਰ ਹਮਾਰੇ ਮਾਰੀਅਹਿ॥੪॥**

ਮੇਰੇ ਸਿੱਖ (ਜੋ ਆਪ ਜੀ ਦੇ ) ਸੇਵਕ ਹਨ, ਇਨ੍ਹਾਂ ਨੂੰ (ਸੰਸਾਰ ਸਾਗਰ ਤੋਂ) ਤਾਰ ਲਵੋ ਜੀ। ਮੇਰੇ ਸਾਰੇ ਦੁਸ਼ਮਨ (ਮਨੁੱਖਤਾ ਦੇ ਦੋਖੀ) ਚੁਣ ਚੁਣ ਕੇ ਮਾਰ ਮੁਕਾਉ ਜੀ।

**ਆਪ ਹਾਥ ਦੈ ਮੁਝੈ ਉਬਰਿਯੈ॥**
**ਮਰਨ ਕਾਲ ਕਾ ਤ੍ਰਾਸ ਨਿਵਰਿਯੈ॥**

ਹੇ ਮਹਾਂ ਕਾਲ ਜੀਓ! (ਤੁਸੀਂ ਆਪਣੀ ਕਿਰਪਾ ਦੁਆਰਾ) ਆਪਣਾ ਹੱਥ ਦੇ ਕੇ ਮੈਨੂੰ ਭਵਸਾਗਰ ਤੋਂ ਬਚਾ ਲਵੋ ਜੀ। ਮੇਰੇ (ਮਨ) ਵਿੱਚੋਂ ਮਰਨ ਸਮੇਂ ਦਾ ਕਸ਼ਟ ਤੇ ਭੈ ਦੂਰ ਕਰ ਦਿਉ ਜੀ।

**ਹੂਜੋ ਸਦਾ ਹਮਾਰੇ ਪੱਛਾ॥**
**ਸ੍ਰੀ ਅਸਿਧੁਜ ਜੂ ਕਰਿਯਹੁ ਰੱਛਾ॥੫॥**

ਹੇ ਮਹਾਂਕਾਲ ਜੀਓ! ਸਦਾ ਮੇਰੇ ਪੱਖੀ ਬਣੋ ਜੀ, ਮੇਰੀ ਮੱਦਦ ਕਰੋ ਅਤੇ ਹੇ ਮਹਾਂ ਕਾਲ ਜੀ, (ਹਰ ਔਕੜ ਸਮੇਂ) ਮੇਰੀ ਰੱਖਿਆ ਕਰੋ।

**ਰਾਖਿ ਲੇਹੁ ਮੁਹਿ ਰਾਖਨਹਾਰੇ॥**
**ਸਾਹਿਬ ਸੰਤ ਸਹਾਇ ਪਿਯਾਰੇ॥**

ਹੇ ਸੰਤਾਂ ਦੀ ਸਹਾਇਤਾ ਕਰਨ ਵਾਲੇ, ਸਰਬੱਤ ਦੇ ਰਖਵਾਲੇ, ਪਿਆਰੇ ਸਵਾਮੀ ਜੀਓ। ਮੇਰੀ ਹਰ ਸਮੇਂ ਰੱਖਿਆ ਕਰੋ ਜੀ।

**ਦੀਨ ਬੰਧ ਦੁਸਟਨ ਕੇ ਹੰਤਾ॥**
**ਤੁਮਹੋ ਪੁਰੀ ਚਤੁਰਦਸ ਕੰਤਾ॥੬॥**

ਤੁਸੀਂ ਦੀਨਾਂ ਦੁਖੀਆਂ ਦੇ ਮਿੱਤਰ ਹੋ ਅਤੇ (ਮਨੁੱਖਤਾ ਦੇ) ਦੋਖੀਆਂ ਦਾ ਨਾਸ ਕਰਨ ਵਾਲੇ ਹੋ। ਤੁਸੀਂ ਹੀ ਚੌਦਾਂ ਪੁਰੀਆਂ ਦੇ ਸੁਆਮੀ (ਮਾਲਕ) ਹੋ ਜੀ।

**ਕਾਲ ਪਾਇ ਬ੍ਰਹਮਾ ਬਪੁ ਧਰਾ॥**
**ਕਾਲ ਪਾਇ ਸਿਵਜੂ ਅਵਤਰਾ॥**

ਮਹਾਂ ਕਾਲ, ਅਰਥਾਤ ਅਕਾਲ ਪੁਰਖ ਜੀ ਦੇ ਹੁਕਮ ਅਧੀਨ ਹੀ ਬ੍ਰਹਮਾ ਨੇ ਸਰੀਰ ਧਾਰਿਆ, ਪਰਮਾਤਮਾ ਦੇ ਹੁਕਮ ਨਾਲ ਹੀ ਸ਼ਿਵ ਜੀ ਨੇ ਜਨਮ ਲਿਆ।

**ਕਾਲ ਪਾਇ ਕਰ ਬਿਸਨੁ ਪ੍ਰਕਾਸਾ॥**
**ਸਕਲ ਕਾਲ ਕਾ ਕੀਆ ਤਮਾਸਾ॥੭॥**

ਅਕਾਲ ਪੁਰਖ ਦੇ ਹੁਕਮ ਨਾਲ ਹੀ ਵਿਸ਼ਨੂੰ ਜੀ ਦਾ ਪ੍ਰਕਾਸ਼ ਹੋਇਆ। ਇਹ ਸਾਰਾ ਜਗਤ ਤਮਾਸ਼ਾ ਮਹਾਂਕਾਲ (ਅਕਾਲ ਪੁਰਖ) ਦਾ ਹੀ ਰਚਿਆ ਹੋਇਆ ਹੈ।

**ਜਵਨ ਕਾਲ ਜੋਗੀ ਸਿਵ ਕੀਓ॥**
**ਬੇਦ ਰਾਜ ਬ੍ਰਹਮਾ ਜੂ ਥੀਓ॥**

ਜਿਸ ਅਕਾਲ ਪੁਰਖ ਨੇ ਸ਼ਿਵ ਜੀ ਜਿਹੇ ਜੋਗੀ-ਰਾਜ ਦੀ ਰਚਨਾ ਕੀਤੀ, ਬੇਦਾਚਾਰੀਆਂ ਬ੍ਰਹਮਾਂ (ਜਿਸਦੇ ਹੁਕਮ ਵਿੱਚ) ਪੈਦਾ ਹੋਇਆ।

**ਜਵਨ ਕਾਲ ਸਭ ਲੋਕ ਸਵਾਰਾ॥**
**ਨਮਸਕਾਰ ਹੈ ਤਾਹਿ ਹਮਾਰਾ॥੮॥**

ਜਿਸ ਅਕਾਲ ਪੁਰਖ ਨੇ ਸਾਰੇ ਸੰਸਾਰ ਨੂੰ ਸਾਜਿਆ ਤੇ ਸੰਵਾਰਿਆ ਹੋਇਆ ਹੈ, ਉਸ ਨੂੰ ਮੇਰੀ ਨਮਸਕਾਰ ਹੈ।

**ਜਵਨ ਕਾਲ ਸਭ ਜਗਤ ਬਨਾਯੋ॥**





**ਦੇਵ ਦੈਤ ਜੱਛਨ ਉਪਜਾਯੋ॥**

ਜਿਸ ਕਾਲ (ਅਕਾਲ ਪੁਰਖ) ਨੇ ਸਾਰਾ ਜਗਤ ਰਚਿਆ ਹੋਇਆ ਹੈ, (ਸ੍ਰਿਸ਼ਟੀ ਵਿੱਚ) ਦੇਵਤੇ, ਰਾਕਸ਼ ਅਤੇ ਜੱਛ (ਯਕਸ਼) ਆਦਿ ਪੈਦਾ ਕੀਤੇ ਹੋਏ ਹਨ।

**ਆਦਿ ਅੰਤਿ ਏਕੈ ਅਵਤਾਰਾ॥**
**ਸੋਈ ਗੁਰੂ ਸਮਝਿਯਹੁ ਹਮਾਰਾ॥੯॥**

ਜਿਹੜਾ (ਵਾਹਿਗੁਰੂ) ਸ੍ਰਿਸ਼ਟੀ-ਰਚਨਾ ਦੇ ਆਰੰਭ ਤੋਂ ਲੈ ਕੇ ਅੰਤ (ਪਰਲੋ) ਤੱਕ ਇੱਕੋ ਇੱਕ ਪੂਜਨੀਕ ਹਸਤੀ ਹੈ, ਉਹ ਅਕਾਲ ਪੁਰਖ ਹੀ ਸਾਡਾ ਗੁਰੂ ਹੈ।

**ਨਮਸਕਾਰ ਤਿਸ ਹੀ ਕੋ ਹਮਾਰੀ॥**
**ਸਕਲ ਪ੍ਰਜਾ ਜਿਨ ਆਪ ਸਵਾਰੀ॥**

ਜਿਸ (ਅਕਾਲ ਪੁਰਖ) ਨੇ ਸਾਰੀ ਲੁਕਾਈ ਸਿਰਜੀ ਸਵਾਰੀ ਹੋਈ ਹੈ, ਉਸੇ ਨੂੰ ਹੀ ਮੇਰੀ (ਸਦਾ) ਨਮਸਕਾਰ ਹੈ।

**ਸਿਵਕਨ ਕੋ ਸਿਵਗੁਨ ਸੁਖ ਦੀਓ॥**
**ਸੱਤ੍ਰਨ ਕੋ ਪਲ ਮੋ ਬਧ ਕੀਓ॥੧੦॥**

ਜਿਸ ਨੇ ਆਪਣੇ ਸੇਵਕਾਂ ਨੂੰ ਹਮੇਸ਼ਾਂ ਦੈਵੀ ਗੁਣ ਅਤੇ ਸੁਖ ਪ੍ਰਦਾਨ ਕੀਤੇ ਹਨ। ਜੋ ਆਪਣੇ ਸੇਵਕਾਂ ਦੇ ਸ਼ਤਰੂਆਂ ਨੂੰ ਪਲ ਭਰ ਵਿੱਚ ਨਾਸ ਕਰਦਾ ਆਇਆ ਹੈ।

**ਘਟ ਘਟ ਕੇ ਅੰਤਰ ਕੀ ਜਾਨਤ॥**
**ਭਲੇ ਬੁਰੇ ਕੀ ਪੀਰ ਪਛਾਨਤ॥**

ਉਹ (ਅੰਤਰਜਾਮੀ ਵਾਹਿਗੁਰੁ) ਹਰੇਕ ਜੀਵ ਦੇ ਦਿਲ ਦੀ ਹਾਲਤ ਜਾਣਦਾ ਹੈ, ਕਿ ਕੀ ਚੰਗੇ ਅਤੇ ਕੀ ਮੰਦੇ, ਸਭ ਦੇ ਦਿਲਾਂ ਦੀ ਪੀੜਾਂ ਨੂੰ ਅਨੁਭਵ ਕਰਦਾ ਹੈ।

**ਚੀਟੀ ਤੇ ਕੁੰਚਰ ਅਸਥੂਲਾ॥**
**ਸਭ ਪਰ ਕ੍ਰਿਪਾ ਦ੍ਰਿਸਟਿ ਕਰ ਫੂਲਾ॥੧੧॥**

(ਨਿੱਕੀ ਜਿਹੀ) ਕੀੜੀ ਤੋਂ ਲੈ ਕਿ ਵੱਡੇ ਆਕਾਰ ਵਾਲੇ ਹਾਥੀ ਤੱਕ ਸਭ ਉੱਪਰ ਆਪਣੀ ਕਿਰਪਾ ਦ੍ਰਿਸ਼ਟੀ ਕਰ ਕਰ ਕੇ ਵਿਗਸਦਾ ਹੈ।

**ਸੰਤਨ ਦੁਖ ਪਾਏ ਤੇ ਦੁਖੀ॥**
**ਸੁਖ ਪਾਏ ਸਾਧੁਨ ਕੇ ਸੁਖੀ॥**

ਵਾਹਿਗੁਰੂ (ਭਾਵੇਂ ਨਿਰਲੇਪ ਹੈ, ਪਰ ਇਸ ਦੇ ਬਾਵਜੂਦ) ਆਪਣੇ ਸੰਤਾਂ ਭਗਤਾਂ ਦੇ ਦੁਖੀ ਕੀਤੇ ਜਾਣ ਤੇ ਦੁਖ ਮਹਿਸੂਸ ਕਰਦਾ ਹੈ ਅਤੇ ਸਤ ਪੁਰਸ਼ਾਂ ਨੂੰ ਸੁਖ ਮਿਲਣ ਤੇ ਸੁਖ ਪ੍ਰਤੀਤ ਕਰਦਾ ਹੈ। **(ਬੰਧਨ ਮੁਕਤੁ ਸੰਤਹੁ ਮੇਰੀ ਰਾਖੈ ਮਮਤਾ)।**

**ਏਕ ਏਕ ਕੀ ਪੀਰ ਪਛਾਨੈਂ॥**
**ਘਟ ਘਟ ਕੇ ਪਟ ਪਟ ਕੀ ਜਾਨੈਂ॥੧੨॥**

ਇਕੱਲੇ ਇਕੱਲੇ ਵਿਅਕਤੀ ਦੀ ਪੀੜਾ ਨੂੰ ਅਨੁਭਵ ਕਰਦਾ ਹੈ ਅਤੇ ਹਰੇਕ ਮਨੁੱਖ ਦੇ ਦਿਲ ਦੀਆਂ ਗੁਹਜ ਗੱਲਾਂ ਤੋਂ ਜਾਣੂ ਹੈ।

**ਜਬ ਉਦਕਰਖ ਕਰਾ ਕਰਤਾਰਾ॥**
**ਪ੍ਰਜਾ ਧਰਤ ਤਬ ਦੇਹ ਅਪਾਰਾ॥**

ਹੇ ਕਰਤਾਰ! ਜਦੋਂ ਆਪ ਜੀ ਆਪਣੀ ਉਦਕਰਖਣ (ਪਸਾਰ ਕਰਨ





ਵਾਲੀ) ਸ਼ਕਤੀ ਦਾ ਪ੍ਰਯੋਗ ਕਰਦੇ ਹੋ ਤਾਂ ਅਣਗਿਣਤ ਖਲਕਤ ਸਰੀਰ ਧਾਰਨ ਕਰ ਲੈਂਦੀ ਹੈ।

**ਜਬ ਆਕਰਖ ਕਰਤ ਹੋ ਕਬਹੂੰ॥**
**ਤੁਮ ਮੈ ਮਿਲਤ ਦੇਹ ਧਰ ਸਭਹੂੰ॥੧੩॥**

ਪਰ ਜਦੋਂ ਆਪ ਜੀ ਆਪਣੀ ਆਕਰਖਣ (ਸਮੇਟਣ ਵਾਲੀ) ਸ਼ਕਤੀ ਦਾ ਪ੍ਰਯੋਗ ਕਰਦੇ ਹੋ ਤਾਂ ਸਾਰੇ ਦੇਹ ਧਾਰੀ ਆਪ ਜੀ ਵਿੱਚ ਸਮਾ ਜਾਂਦੇ ਹਨ।

**ਜੇਤੇ ਬਦਨ ਸ੍ਰਿਸਟਿ ਸਭ ਧਾਰੈ॥**
**ਆਪੁ ਆਪਨੀ ਬੂਝ ਉਚਾਰੈ॥**

ਸ੍ਰਿਸ਼ਟੀ ਜਿੰਨੇ ਸਰੀਰ (ਜੀਵ) ਉਤਪੰਨ ਕਰਦੀ ਹੈ, ਉਨ੍ਹਾਂ ਵਿੱਚ ਹਰ ਕੋਈ ਆਪੋ ਆਪਣੀ ਸੋਝੀ ਅਨੁਸਾਰ ਹੀ (ਹੇ ਪ੍ਰਭੂ! ਆਪ ਜੀ ਦੀਆਂ ਵਡਿਆਈਆਂ) ਕਥਨ ਕਰਦਾ ਹੈ।

**ਤੁਮ ਸਭਹੀ ਤੇ ਰਹਤ ਨਿਰਾਲਮ॥**
**ਜਾਨਤ ਬੇਦ ਭੇਦ ਅਰ ਆਲਮ॥੧੪॥**

ਆਪ ਜੀ ਸਾਰੇ ਜੀਵਾਂ ਤੋਂ ਨਿਰਲੇਪ ਰਹਿੰਦੇ ਹੋ, ਇਹ ਗੱਲ ਬੇਦ (ਧਰਮ ਗ੍ਰੰਥ) ਜਾਣਦੇ ਹਨ, ਰਹੱਸਵਾਦੀ ਅਤੇ ਗਿਆਨਵਾਨ ਪੁਰਸ਼ ਜਾਣਦੇ ਹਨ।

**ਨਿਰੰਕਾਰ ਨ੍ਰਿਬਿਕਾਰ ਨਿਰਲੰਭ॥**
**ਆਦਿ ਅਨੀਲ ਅਨਾਦਿ ਅਸੰਭਿ॥**

ਅਕਾਲ ਪੁਰਖ ਕਿਸੇ ਸਥੂਲ ਆਕਾਰ ਤੋਂ ਰਹਿਤ ਹੈ, ਕੋਈ ਵਿਕਾਰ

ਉਸ ਨੂੰ ਪੋਹ ਨਹੀਂ ਸਕਦਾ, ਉਸ ਨੂੰ ਕਿਸੇ ਆਸਰੇ ਦੀ ਲੋੜ ਨਹੀਂ ਹੈ, ਉਹ ਸਾਰੀ ਪ੍ਰਕਿਰਤੀ ਦਾ ਮੁੱਢ-ਮੂਲ ਹੈ। ਉਹ ਰੂਪ ਤੋਂ ਰਹਿਤ ਹੈ ਅਤੇ ਜਨਮ ਤੋਂ ਰਹਿਤ ਹੈ।

**ਤਾ ਕਾ ਮੂੜ੍ਹ ਉਚਾਰਤ ਭੇਦਾ॥**
**ਜਾ ਕੋ ਭੇਵ ਨ ਪਾਵਤ ਬੇਦਾ॥੧੫॥**

ਮੂਰਖ ਮਨੁੱਖ ਉਸ (ਨਿਰੰਕਾਰ) ਦੇ ਭੇਤ ਪਾ ਲੈਣ ਦੀ ਸ਼ੇਖੀ ਮਾਰਦਾ ਹੈ, ਜਿਸ ਦਾ ਭੇਤ ਬੇਦ (ਤੇ ਬੇਦਾਚਾਰੀਆ) ਵੀ ਨਹੀਂ ਪਾ ਸਕਦੇ।

**ਤਾ ਕੌ ਕਰ ਪਾਹਨ ਅਨੁਮਾਨਤ॥**
**ਮਹਾ ਮੂੜ੍ਹ ਕਛੁ ਭੇਦ ਨ ਜਾਨਤ॥**

ਮੂਰਖ ਲੋਕ (ਨਿਰ-ਆਕਾਰ ਵਾਹਿਗੁਰੂ ਦੀ ਹੋਂਦ ਦਾ) ਭੇਦ ਨਹੀਂ ਜਾਣਦੇ। ਉਹ ਮਾਦਾ-ਪ੍ਰਸਤ, ਪੱਥਰ ਦੀ ਮੂਰਤੀ ਬਣਾ ਕੇ ਉਸਨੂੰ ਪਰਮਾਤਮਾ ਖਿਆਲ ਕਰਦੇ ਹਨ।

**ਮਹਾਦੇਵ ਕੋ ਕਹਤ ਸਦਾ ਸਿਵ॥**
**ਨਿਰੰਕਾਰ ਕਾ ਚੀਨਤ ਨਹਿ ਭਿਵ॥੧੬॥**

ਮਹਾਂਦੇਵ ਅਥਵਾ ਸ਼ਿਵਜੀ ਦੇਵਤੇ ਨੂੰ ਹੀ ਸਦਾ ਥਿਰ ਰਹਿਣ ਵਾਲਾ ਨਿਰੰਕਾਰ ਆਖਦੇ ਹਨ, ਪਰੰਤੂ ਉਹ ਅਸਲੀ ਨਿਰੰਕਾਰ (ਦੀ ਹਸਤੀ) ਦਾ ਭੇਦ ਨਹੀਂ ਜਾਣਦੇ।

**ਆਪੁ ਆਪਨੀ ਬੁਧਿ ਹੈ ਜੇਤੀ॥**
**ਬਰਨਤ ਭਿੰਨ ਭਿੰਨ ਤੁਹਿ ਤੇਤੀ॥**





ਹੇ ਪ੍ਰਭੂ! ਆਪੋ ਆਪਣੀ ਬੁੱਧੀ, ਜਿੰਨੀ ਕੁ (ਆਪ ਜੀ ਵੱਲੋਂ) ਬਖ਼ਸ਼ੀ ਹੋਈ ਹੈ, ਉਸ ਅਨੁਸਾਰ ਹਰ ਕੋਈ ਵੱਖ-ਵੱਖ ਤਰੀਕਿਆਂ ਨਾਲ ਆਪ ਜੀ (ਦੇ ਵੱਖ-ਵੱਖ ਗੁਣਾਂ) ਨੂੰ ਵਰਣਨ ਕਰਦਾ ਹੈ।

**ਤੁਮਰਾ ਲਖਾ ਨ ਜਾਇ ਪਸਾਰਾ॥**
**ਕਿਹ ਬਿਧਿ ਸਜਾ ਪ੍ਰਥਮ ਸੰਸਾਰਾ॥੧੭॥**

ਆਪ ਜੀ ਦਾ (ਅਦਭੁਤ) ਜਗਤ-ਪਸਾਰਾ ਅਲੱਖ ਹੈ; ਪਤਾ ਨਹੀਂ ਲੱਗਦਾ ਕਿ ਆਪ ਜੀ ਨੇ ਕਿਸ ਤਰੀਕੇ ਨਾਲ ਪਹਿਲਾਂ ਪਹਿਲ ਸੰਸਾਰ ਸਾਜਿਆ।

**ਏਕੈ ਰੂਪ ਅਨੂਪ ਸਰੂਪਾ॥**
**ਰੰਕ ਭਯੋ ਰਾਵ ਕਹੀ ਭੂਪਾ॥**

ਸੁੰਦਰ ਸਰੂਪ ਰੂਪ ਵਾਲਾ ਬੇਮਿਸਾਲ ਇੱਕੋ ਇੱਕ (ਪ੍ਰਭੂ ਆਪ ਹੀ) ਕਿਤੇ ਕੰਗਾਲ ਬਣਿਆ ਬੈਠਾ ਹੈ, ਕਿਤੇ ਅਮੀਰ ਅਤੇ ਕਿਤੇ ਰਾਜਾ।

**ਅੰਡਜ ਜੇਰਜ ਸੇਤਜ ਕੀਨੀ॥**
**ਉਤਭੁਜ ਖਾਨਿ ਬਹੁਰ ਰਚਿ ਦੀਨੀ॥੧੮॥**

ਉਸ ਨੇ ਅੰਡਜ ਜੇਰਜ ਸੇਤਜ ਅਤੇ ਉਤਭੁਜ; ਚਹੁੰਆਂ ਖਾਣੀਆਂ ਦੀ ਰਚਨਾ ਕੀਤੀ ਹੈ ਅਤੇ ਫਿਰ ਸਾਰੀ ਉਤਪਤੀ ਇਹਨਾਂ ਖਾਣੀਆਂ ਦੁਆਰਾ ਹੀ ਕੀਤੀ ਹੈ।

**ਕਹੂੰ ਫੂਲ ਰਾਜਾ ਹ੍ਵੈ ਬੈਠਾ॥**
**ਕਹੂੰ ਸਿਮਟਿ ਭਯੋ ਸੰਕਰ ਇਕੈਠਾ॥**

(ਅਕਾਲ ਪੁਰਖ) ਕਿਤੇ ਬ੍ਰਹਮਾ ਬਣਿਆ ਬੈਠਾ ਹੈ, ਕਿਤੇ ਸੁੰਗੜ ਕੇ

ਸ਼ਿਵਜੀ ਦੇ ਰੂਪ ਵਿੱਚ ਇਕੱਠਾ ਹੋਇਆ ਬੈਠਾ ਹੈ।

**ਸਗਰੀ ਸ੍ਰਿਸਟਿ ਦਿਖਾਇ ਅਚੰਭਵ॥**
**ਆਦਿ ਜੁਗਾਦਿ ਸਰੂਪ ਸੁਯੰਭਵ॥੧੯॥**

ਉਹ ਸਾਰੀ ਜਗਤ ਰਚਨਾ ਦਾ ਅਦਭੁਤ ਤਮਾਸ਼ਾ ਦਿਖਾ ਰਿਹਾ ਹੈ। ਸੁਤੇ ਪ੍ਰਕਾਸ਼ ਸੁੰਦਰ ਸਰੂਪ ਵਾਲਾ ਵਾਹਿਗੁਰੂ ਸ੍ਰਿਸ਼ਟੀ ਦੇ ਆਦਿ ਵਿੱਚ ਪ੍ਰਕਾਸ਼ਮਾਨ ਸੀ ਅਤੇ ਜੁਗਾਂ ਦੇ ਆਦਿ ਵਿੱਚ ਵੀ।

**ਅਬ ਰੱਛਾ ਮੇਰੀ ਤੁਮ ਕਰੋ॥**
**ਸਿਖ ਉਬਾਰਿ ਅਸਿੱਖ ਸੰਘਰੋ॥**

ਹੇ ਪ੍ਰਭੂ! ਹੁਣ ਆਪ ਜੀ ਮੇਰੀ ਰੱਖਿਆ ਕਰੋ। ਦੈਵੀ ਸਿੱਖਿਆ ਅਨੁਸਾਰ ਚੱਲਣ ਵਾਲੇ ਸਿੱਖਾਂ ਸੇਵਕਾਂ ਨੂੰ ਬਚਾ ਲਵੋ ਅਤੇ ਇਸ ਸਿੱਖਿਆ ਦੇ ਵਿਰੁੱਧ ਵਿਚਰਣ ਵਾਲੇ ਵਿਅਕਤੀਆਂ ਦਾ ਨਾਸ਼ ਕਰੋ।

**ਦੁਸ਼ਟ ਜਿਤੇ ਉਠਵਤ ਉਤਪਾਤਾ॥**
**ਸਕਲ ਮਲੇਛ ਕਰੋ ਰਣ ਘਾਤਾ॥੨੦॥**

ਜਿੰਨੇ ਵੀ ਖੋਟੀ ਮਤ ਵਾਲੇ ਮਨੁੱਖਤਾ ਦੇ ਦੋਖੀ ਸਮੇਂ ਸਮੇਂ ਉਠ ਖਲੋਂਦੇ ਹਨ, ਉਨ੍ਹਾਂ ਸਮੂਹ ਰਾਖਸ਼-ਬੁੱਧੀ ਵਾਲੇ ਪਾਪੀ ਮਨੁੱਖਾਂ ਦਾ ਸੰਸਾਰ-ਰਣ ਖੇਤਰ ਵਿੱਚ ਵਿਨਾਸ਼ ਕਰੋ।

**ਜੇ ਅਸਿਧੁਜ ਤਵ ਸਰਨੀ ਪਰੇ॥**
**ਤਿਨ ਕੇ ਦੁਸ਼ਟ ਦੁਖਿਤ ਹ੍ਵੈ ਮਰੇ॥**

ਹੇ ਖੜਗਧਾਰੀ ਪ੍ਰਭੂ! ਜਿਹੜੇ ਜਿਹੜੇ ਜੀਵ ਤੁਹਾਡੀ ਸ਼ਰਣ ਵਿੱਚ ਆ ਪਏ, ਉਨ੍ਹਾਂ ਦੇ ਦੋਖੀ ਆਪ ਦੁਖੀ ਹੋ ਕਿ ਆਪਣੀ ਮੌਤੇ ਮਰ ਗਏ।





**ਪੁਰਖ ਜਵਨ ਪਗ ਪਰੇ ਤਿਹਾਰੇ॥**
**ਤਿਨ ਕੇ ਤੁਮ ਸੰਕਟ ਸਭ ਟਾਰੇ॥੨੧॥**

ਹੇ ਪ੍ਰਭੂ! ਜਿਹੜੇ ਵਿਅਕਤੀ ਆਪ ਜੀ ਦੇ ਚਰਨੀ ਢਹਿ ਪਏ, ਆਪ ਜੀ ਨੇ ਉਨ੍ਹਾਂ ਦੇ ਸਾਰੇ ਕਸ਼ਟ ਨਿਵਾਰ ਦਿੱਤੇ।

**ਜੋ ਕਲਿ ਕੋ ਇਕ ਬਾਰ ਧਿਐ ਹੈ॥**
**ਤਾ ਕੇ ਕਾਲ ਨਿਕਟਿ ਨਹਿ ਐਹੈ॥**

ਜਿਹੜਾ ਜੀਵ ਅਕਾਲ ਪੁਰਖ ਨੂੰ ਇੱਕ ਵਾਰੀ (ਇੱਕ-ਚਿਤ ਹੋ ਕੇ) ਧਿਆਨ ਵਿੱਚ ਲਿਆਉਂਦਾ ਹੈ, ਉਸ ਦੇ ਨੇੜੇ ਕਾਲ ਫਟਕ ਨਹੀਂ ਸਕਦਾ।

**ਰਛਾ ਹੋਇ ਤਾਹਿ ਸਭ ਕਾਲਾ॥**
**ਦੁਸਟ ਅਰਿਸ਼ਟ ਟਰੇਂ ਤਤਕਾਲਾ॥੨੨॥**

ਉਸ ਦੀ ਸਰਬ-ਕਾਲ ਰੱਖਿਆ ਹੁੰਦੀ ਹੈ। ਅਤੇ ਉਸ ਦੇ ਦੁਸ਼ਮਣ ਦੋਖੀ ਤੁਰੰਤ ਮਗਰੋਂ ਲਹਿ ਜਾਂਦੇ ਹਨ।

**ਕ੍ਰਿਪਾ ਦ੍ਰਿਸਟਿ ਤਨ ਜਾਹਿ ਨਿਹਰਿਹੋ॥**
**ਤਾਕੇ ਤਾਪ ਤਨਕ ਮੋ ਹਰਿਹੋ॥**

ਹੇ ਪ੍ਰਭੂ! ਜਿਨ੍ਹਾਂ ਜੀਵਾਂ ਦੇ ਸਰੀਰਾਂ ਨੂੰ ਆਪ ਮਿਹਰ ਦੀ ਨਜ਼ਰ ਨਾਲ ਤੱਕਦੇ ਹੋ, ਉਨ੍ਹਾਂ ਦੇ ਸਾਰੇ ਦੁਖ-ਕਲੇਸ਼ ਖਿਨ-ਮਾਤਰ ਵਿੱਚ ਹੀ ਦੂਰ ਕਰ ਦਿੰਦੇ ਹੋ।

**ਰਿੱਧਿ ਸਿੱਧਿ ਘਰ ਮੋ ਸਭ ਹੋਈ॥**
**ਦੁਸ਼ਟ ਛਾਹ ਛ੍ਵੈ ਸਕੈ ਨ ਕੋਈ॥੨੩॥**

(ਉਹਨਾਂ ਦੇ) ਸਰੀਰ-ਘਰ ਵਿੱਚ ਸਾਰੀਆਂ ਰਿੱਧੀਆਂ ਸਿੱਧੀਆਂ ਸੁਤੇ ਹੀ ਪੈਦਾ ਹੋ ਜਾਂਦੀਆਂ ਹਨ ਅਤੇ ਕੋਈ ਦੋਖੀ ਉਨ੍ਹਾਂ ਦੇ ਪਰਛਾਵੇਂ ਤੱਕ ਦੇ ਨੇੜੇ

ਨਹੀਂ ਫਟਕ ਸਕਦਾ।

**ਏਕ ਬਾਰ ਜਿਨ ਤੁਮੈ ਸੰਭਾਰਾ॥**
**ਕਾਲ ਫਾਸ ਤੇ ਤਾਹਿ ਉਬਾਰਾ॥**

ਮਹਾਂ ਕਾਲ ਜੀ! ਜਿਨ੍ਹਾਂ ਜੀਵਾਂ ਨੇ ਇੱਕ ਵੀ ਵਾਰੀ ਆਪ ਜੀ ਦਾ ਇਕਾਗਰ ਮਨ ਹੋ ਕੇ ਚਿੰਤਨ ਕੀਤਾ, ਤੁਸੀਂ ਉਨ੍ਹਾਂ ਨੂੰ ਕਾਲ ਦੀ ਫਾਹੀ ਤੋਂ ਬਚਾ ਲਿਆ।

**ਜਿਨ ਨਰ ਨਾਮ ਤਿਹਾਰੋ ਕਹਾ॥**
**ਦਾਰਿਦ ਦੁਸਟ ਦੋਖ ਤੇ ਰਹਾ॥੨੪॥**

ਜਿਨ੍ਹਾਂ ਮਨੁੱਖਾਂ ਨੇ ਤੁਹਾਡਾ ਨਾਮ ਸਿਮਰਿਆ, ਉਹ ਦਲਿੱਦਰ ਤੋਂ ਅਤੇ ਦੋਖੀ ਦੁਸ਼ਮਣ ਤੋਂ ਸਦਾ ਬਚੇ ਰਹੇ।

**ਖੜਗ ਕੇਤ ਮੈ ਸਰਣਿ ਤਿਹਾਰੀ॥**
**ਆਪ ਹਾਥ ਦੈ ਲੇਹੁ ਉਬਾਰੀ॥**

ਹੇ ਖੜਗ-ਚਿੰਨ੍ਹ ਵਾਲੇ ਝੰਡੇ ਦੇ ਮਾਲਕ ਵਾਹਿਗੁਰੂ! ਮੈਂ ਆਪ ਜੀ ਦੀ ਸ਼ਰਨੀ ਹਾਂ, ਮੈਨੂੰ ਆਪਣਾ ਹੱਥ ਦੇ ਕੇ ਬਚਾ ਲਵੋ।

**ਸਰਬ ਠੌਰ ਮੋ ਹੋਹੁ ਸਹਾਈ॥**
**ਦੁਸਟ ਦੋਖ ਤੇ ਲੇਹੁ ਬਚਾਈ॥੨੫॥**

ਹਰੇਕ ਥਾਵੇਂ ਮੇਰੀ ਸਹਾਇਤਾ ਕਰੋ ਅਤੇ ਦੁਸ਼ਟਾਂ ਦੋਖੀਆਂ (ਵਿਸ਼ੇ ਵਿਕਾਰਾਂ) ਤੋਂ ਮੈਨੂੰ ਬਚਾ ਲਵੋ।




**ਸ੍ਵੈਯਾ**

**ਪਾਂਇ ਗਹੇ ਜਬ ਤੇ ਤੁਮਰੇ ਤਬ ਤੇ ਕੋਊ**
**ਆਂਖ ਤਰੇ ਨਹੀਂ ਆਨਯੋ॥**

ਹੇ ਵਾਹਿਗੁਰੂ ਜੀਓ ਜਦੋਂ ਤੋਂ ਮੈਂ ਆਪ ਜੀ ਦੇ ਚਰਨ ਕਮਲ ਪਕੜੇ ਹਨ, ਤਦ ਤੋਂ ਮੈਂ ਕਿਸੇ ਹੋਰ ਨੂੰ ਅੱਖ ਹੇਠਾਂ ਨਹੀਂ ਲਿਆਂਦਾ। ਮੈਂ ਬੇਮੁਥਾਜ ਹੋ ਗਿਆ ਹਾਂ।

**ਰਾਮ ਰਹੀਮ ਪੁਰਾਨ ਕੁਰਾਨ**
**ਅਨੇਕ ਕਹੈਂ ਮਤ ਏਕ ਨ ਮਾਨਯੋ॥**

ਸ੍ਰੀ ਰਾਮ ਚੰਦਰ (ਆਦਿਕ ਹਿੰਦੂ ਅਵਤਾਰ) ਅਤੇ ਹਜ਼ਰਤ ਮੁਹੰਮਦ (ਆਦਿਕ ਮੁਸਲਮਾਨਾਂ ਪੈਗੰਬਰ) ਪੁਰਾਨ (ਹਿੰਦੂ ਮਤ ਦੇ ਧਰਮ ਗ੍ਰੰਥ) ਅਤੇ ਕੁਰਾਨ (ਇਸਲਾਮ ਮੱਤ ਦਾ ਧਰਮ ਗ੍ਰੰਥ) ਆਪੋ ਆਪਣੇ ਅਨੇਕ ਮਤਾਂ ਦਾ ਪ੍ਰਚਾਰ ਕਰਦੇ ਰਹੇ ਹਨ, ਪਰ ਅਕਾਲ ਪੁਰਖ ਦੀ ਸਤਾਣੀ ਓਟ ਦਾ ਸਦਕਾ ਮੈਂ ਕਿਸੇ ਮਤ ਨੂੰ ਸਵੀਕਾਰ ਨਹੀਂ ਕੀਤਾ।

**ਸਿੰਮ੍ਰਿਤਿ ਸਾਸਤ੍ਰ ਬੇਦ ਸਭੈ**
**ਬਹੁ ਭੇਦ ਕਹੈਂ ਹਮ ਏਕ ਨ ਜਾਨਯੋ॥**

ਸਿਮ੍ਰਤੀਆਂ, ਸ਼ਾਸਤ੍ਰ ਅਤੇ ਵੇਦ ਇਹ ਸਾਰੇ ਪ੍ਰਭੂ ਮਿਲਾਪ ਦੇ ਭਾਂਤੋਂ ਭਾਂਤੀ ਤਰੀਕੇ ਵਰਣਨ ਕਰਦੇ ਹਨ, ਪਰ ਅਕਾਲ ਪੁਰਖ ਦੀ ਓਟ ਸਦਕਾ ਮੈਂ ਕੋਈ ਵੀ ਤਰੀਕਾ ਨਹੀਂ ਜਾਣਿਆ।

**ਸ੍ਰੀ ਅਸਿਪਾਨ ਕ੍ਰਿਪਾ ਤੁਮਰੀ ਕਰਿ**
**ਮੈਂ ਨ ਕਹਯੋ ਸਭ ਤੋਹਿ ਬਖਾਨਯੋ॥**

ਹੇ ਸ਼ਸਤ੍ਰਧਾਰੀ, ਮਹਾਂਕਾਲ ਜੀ! (ਆਪ ਜੀ ਦਾ ਜਸ ਗਾਇਨ) ਆਪ

ਜੀ ਦੀ ਕ੍ਰਿਪਾਲਤਾ ਸਦਕਾ ਹੀ ਸੰਭਵ ਹੋਇਆ ਹੈ। ਮੈਂ ਨਹੀਂ ਆਖਿਆ, (ਸੱਚਾਈ ਇਹ ਹੈ ਕਿ) ਇਹ ਆਪ ਜੀ ਨੇ ਹੀ ਮੈਥੋਂ ਕਥਨ ਕਰਾਇਆ ਹੈ।

**ਦੋਹਰਾ ॥ ਸਗਲ ਦੁਆਰ ਕਉ ਛਾਡਿ ਕੈ ਗਹਿਓ ਤੁਹਾਰੋ ਦੁਆਰ॥**
**ਬਾਂਹਿ ਗਹੇ ਕੀ ਲਾਜ ਅਸ ਗੋਬਿੰਦ ਦਾਸ ਤੁਹਾਰ॥**

ਹੇ ਮਹਾਂਕਾਲ ਜੀ! ਸਾਰਿਆਂ ਨੂੰ ਛੱਡ ਕੇ ਆਪ ਜੀ ਦਾ ਦੁਆਰਾ ਪਕੜਿਆ ਹੈ। ਬਾਂਹ-ਫੜੇ ਮੈਂ ਨਾਚੀਜ਼ ਦੀ ਲਾਜ (ਸ਼ਰਮ) ਆਪ ਜੀ ਨੂੰ ਹੀ ਹੈ, ਕਿਉਂਕਿ ਗੋਬਿੰਦ ਸਿੰਘ ਤੁਹਾਡਾ ਹੀ ਦਾਸ ਹੈ।

**ਰਾਮਕਲੀ ਮਹਲਾ ੩ ਅਨੰਦੁ ੴ ਸਤਿਗੁਰ ਪ੍ਰਸਾਦਿ॥**
**ਅਨੰਦੁ ਭਇਆ ਮੇਰੀ ਮਾਏ ਸਤਿਗੁਰੂ ਮੈ ਪਾਇਆ॥**

ਹੇ ਮਾਂ! ਮੇਰੇ ਅੰਦਰ ਪੂਰਨ ਖਿੜਾਉ ਪੈਦਾ ਹੋ ਗਿਆ ਹੈ ਕਿਉਂਕਿ ਮੈਨੂੰ ਗੁਰੂ ਮਿਲ ਪਿਆ ਹੈ ।

**ਸਤਿਗੁਰੁ ਤ ਪਾਇਆ ਸਹਜ ਸੇਤੀ ਮਨਿ ਵਜੀਆ ਵਾਧਾਈਆ॥**
**ਰਾਗ ਰਤਨ ਪਰਵਾਰ ਪਰੀਆ ਸਬਦ ਗਾਵਣ ਆਈਆ॥**

ਮੈਨੂੰ ਗੁਰੂ ਮਿਲਿਆ ਹੈ, ਤੇ ਨਾਲ ਹੀ ਅਡੋਲ ਅਵੱਸਥਾ ਭੀ ਪ੍ਰਾਪਤ ਹੋ ਗਈ ਹੈ ਮੇਰਾ ਮਨ ਡੋਲਣੋਂ ਹਟ ਗਿਆ ਹੈ; ਮੇਰੇ ਮਨ ਵਿੱਚ ਮਾਨੋ ਖ਼ੁਸ਼ੀ ਦੇ ਵਾਜੇ ਵੱਜ ਪਏ ਹਨ, ਸੋਹਣੇ ਰਾਗ ਆਪਣੇ ਪਰਵਾਰ ਤੇ ਰਾਣੀਆਂ ਸਮੇਤ ਮੇਰੇ ਮਨ ਵਿੱਚ ਪ੍ਰਭੂ ਦੀ ਸਿਫ਼ਤਿ-ਸਾਲਾਹ ਦੇ ਗੀਤ ਗਾਵਣ ਆ ਗਏ ਹਨ।

**ਸਬਦੋ ਤ ਗਾਵਹੁ ਹਰੀ ਕੇਰਾ ਮਨਿ ਜਿਨੀ ਵਸਾਇਆ॥**
**ਕਹੈ ਨਾਨਕੁ ਅਨੰਦੁ ਹੋਆ ਸਤਿਗੁਰੂ ਮੈ ਪਾਇਆ॥੧॥**





ਹੇ ਭਾਈ! ਤੁਸੀਂ ਭੀ ਪ੍ਰਭੂ ਦੀ ਸਿਫ਼ਤਿ-ਸਾਲਾਹ ਦਾ ਗੀਤ ਗਾਵੋ। ਜਿਨ੍ਹਾਂ ਜਿਨ੍ਹਾਂ ਨੇ ਸਿਫ਼ਤਿ-ਸਾਲਾਹ ਦਾ ਸ਼ਬਦ ਮਨ ਵਿੱਚ ਵਸਾਇਆ ਹੈ ਉਹਨਾਂ ਦੇ ਅੰਦਰ ਪੂਰਨ ਖਿੜਾਉ ਪੈਦਾ ਹੋ ਜਾਂਦਾ ਹੈ।

ਨਾਨਕ ਆਖਦਾ ਹੈ (ਮੇਰੇ ਅੰਦਰ ਭੀ) ਆਨੰਦ ਬਣ ਗਿਆ ਹੈ (ਕਿਉਂਕਿ) ਮੈਨੂੰ ਸਤਿਗੁਰੂ ਮਿਲ ਪਿਆ ਹੈ।

**ਏ ਮਨ ਮੇਰਿਆ ਤੂ ਸਦਾ ਰਹੁ ਹਰਿ ਨਾਲੇ॥**
**ਹਰਿ ਨਾਲਿ ਰਹੁ ਤੂ ਮੰਨ ਮੇਰੇ ਦੂਖ ਸਭਿ ਵਿਸਾਰਣਾ॥**

ਹੇ ਮੇਰੇ ਮਨ! ਤੂੰ ਸਦਾ ਪ੍ਰਭੂ ਦੇ ਨਾਲ ਜੁੜਿਆ ਰਹੁ। ਹੇ ਮੇਰੇ ਮਨ! ਤੂੰ ਸਦਾ ਪ੍ਰਭੂ ਨੂੰ ਯਾਦ ਰੱਖ। ਉਹ ਦੁੱਖ ਦੂਰ ਕਰਨ ਵਾਲਾ ਹੈ।

**ਅੰਗੀਕਾਰੁ ਓਹੁ ਕਰੇ ਤੇਰਾ ਕਾਰਜ ਸਭਿ ਸਵਾਰਣਾ॥**
**ਸਭਨਾ ਗਲਾ ਸਮਰਥੁ ਸੁਆਮੀ ਸੋ ਕਿਉ ਮਨਹੁ ਵਿਸਾਰੇ॥**
**ਕਹੈ ਨਾਨਕੁ ਮੰਨ ਮੇਰੇ ਸਦਾ ਰਹੁ ਹਰਿ ਨਾਲੇ॥੨॥**

ਉਹ ਸਦਾ ਤੇਰੀ ਸਹਾਇਤਾ ਕਰਨ ਵਾਲਾ ਹੈ, ਤੇਰੇ ਸਾਰੇ ਕੰਮ ਸਿਰੇ ਚਾੜ੍ਹਨ ਦੇ ਸਮਰੱਥ ਹੈ। ਹੇ ਭਾਈ! ਉਸ ਮਾਲਕ ਨੂੰ ਕਿਉਂ ਆਪਣੇ ਮਨ ਤੋਂ ਭੁਲਾਂਦਾ ਹੈਂ ਜੋ ਸਾਰੇ ਕੰਮ ਕਰਨ-ਜੋਗਾ ਹੈ? ਨਾਨਕ ਆਖਦਾ ਹੈ - ਹੇ ਮੇਰੇ ਮਨ! ਤੂੰ ਸਦਾ ਪ੍ਰਭੂ ਦੇ ਚਰਨਾਂ ਵਿੱਚ ਜੁੜਿਆ ਰਹੁ।

**ਸਾਚੇ ਸਾਹਿਬਾ ਕਿਆ ਨਾਹੀ ਘਰਿ ਤੇਰੈ॥**
**ਘਰਿ ਤ ਤੇਰੈ ਸਭੁ ਕਿਛੁ ਹੈ ਜਿਸੁ ਦੇਹਿ ਸੁ ਪਾਵਏ॥**
**ਸਦਾ ਸਿਫਤਿ ਸਲਾਹ ਤੇਰੀ ਨਾਮੁ ਮਨਿ ਵਸਾਵਏ॥**

ਹੇ ਸਦਾ ਕਾਇਮ ਰਹਿਣ ਵਾਲੇ ਮਾਲਕ ਪ੍ਰਭੂ! ਮੈਂ ਤੇਰੇ ਦਰ ਤੋਂ ਮਨ

ਦਾ ਆਨੰਦ ਮੰਗਦਾ ਹਾਂ, ਪਰ ਤੇਰੇ ਘਰ ਵਿੱਚ ਕਿਹੜੀ ਚੀਜ਼ ਨਹੀਂ ਹੈ? ਤੇਰੇ ਘਰ ਵਿਚ ਤਾਂ ਹਰੇਕ ਚੀਜ਼ ਮੌਜੂਦ ਹੈ (ਪਰ ਇਹ) ਉਹੀ ਮਨੁੱਖ ਪ੍ਰਾਪਤ ਕਰਦਾ ਹੈ ਜਿਸ ਨੂੰ ਤੂੰ ਆਪ ਦੇਂਦਾ ਹੈਂ (ਫਿਰ, ਉਹ ਮਨੁੱਖ) ਤੇਰਾ ਨਾਮ ਤੇ ਤੇਰੀ ਸਿਫ਼ਤਿ-ਸਾਲਾਹ (ਆਪਣੇ) ਮਨ ਵਿੱਚ ਵਸਾਂਦਾ ਹੈ (ਜਿਸ ਦੀ ਬਰਕਤਿ ਨਾਲ ਉਸ ਦੇ ਅੰਦਰ ਆਨੰਦ ਪੈਦਾ ਹੋ ਜਾਂਦਾ ਹੈ) ।

**ਨਾਮੁ ਜਿਨ ਕੈ ਮਨਿ ਵਸਿਆ ਵਾਜੇ ਸਬਦ ਘਨੇਰੇ॥**
**ਕਹੈ ਨਾਨਕੁ ਸਚੇ ਸਾਹਿਬ ਕਿਆ ਨਾਹੀ ਘਰਿ ਤੇਰੈ॥੩॥**

ਜਿਨ੍ਹਾਂ ਬੰਦਿਆਂ ਦੇ ਮਨ ਵਿੱਚ (ਤੇਰਾ) ਨਾਮ ਵੱਸਦਾ ਹੈ (ਉਹਨਾਂ ਦੇ ਅੰਦਰ, ਮਾਨੋ,) ਬੇਅੰਤ ਸਾਜ਼ਾਂ ਦੀਆਂ (ਮਿਲਵੀਆਂ) ਸੁਰਾਂ ਵੱਜਣ ਲੱਗ ਪੈਂਦੀਆਂ ਹਨ (ਭਾਵ, ਉਹਨਾਂ ਦੇ ਮਨ ਵਿੱਚ ਉਹ ਖ਼ੁਸ਼ੀ ਤੇ ਚਾਉ ਪੈਦਾ ਹੁੰਦਾ ਹੈ ਜੋ ਕਈ ਸਾਜ਼ਾਂ ਦਾ ਮਿਲਵਾਂ ਰਾਗ ਸੁਣ ਕੇ ਪੈਦਾ ਹੁੰਦਾ ਹੈ) ।

ਨਾਨਕ ਆਖਦਾ ਹੈ, ਹੇ ਸਦਾ ਕਾਇਮ ਰਹਿਣ ਵਾਲੇ ਮਾਲਕ! ਤੇਰੇ ਘਰ ਵਿੱਚ ਕਿਸੇ ਸ਼ੈਅ ਦਾ ਘਾਟਾ ਨਹੀਂ ਹੈ (ਮੈਂ ਤੇਰੇ ਦਰ ਤੋਂ ਆਨੰਦ ਦਾ ਦਾਨ ਮੰਗਦਾ ਹਾਂ)।

**ਸਾਚਾ ਨਾਮੁ ਮੇਰਾ ਆਧਾਰੋ॥**
**ਸਾਚੁ ਨਾਮੁ ਅਧਾਰੁ ਮੇਰਾ ਜਿਨਿ ਭੁਖਾ ਸਭਿ ਗਵਾਈਆ॥**

(ਪ੍ਰਭੂ ਦੀ ਮੇਹਰ ਨਾਲ ਉਸ ਦਾ) ਸਦਾ-ਥਿਰ ਰਹਿਣ ਵਾਲਾ ਨਾਮ ਮੇਰੀ ਜ਼ਿੰਦਗੀ ਦਾ ਆਸਰਾ (ਬਣ ਗਿਆ) ਹੈ। ਜਿਸ (ਹਰਿ-ਨਾਮ) ਨੇ ਮੇਰੇ ਸਾਰੇ ਲਾਲਚ ਦੂਰ ਕਰ ਦਿੱਤੇ ਹਨ, ਜਿਸ (ਹਰਿ-ਨਾਮ) ਨੇ ਮੇਰੇ ਮਨ ਦੀਆਂ ਸਾਰੀਆਂ ਕਾਮਨਾਵਾਂ ਪੂਰੀਆਂ ਕਰ ਦਿੱਤੀਆਂ ਹਨ।

**ਕਰਿ ਸਾਂਤਿ ਸੁਖ ਮਨਿ ਆਇ ਵਸਿਆ ਜਿਨਿ ਇਛਾ ਸਭਿ ਪੁਜਾਈਆ॥**
**ਸਦਾ ਕੁਰਬਾਣੁ ਕੀਤਾ ਗੁਰੂ ਵਿਟਹੁ ਜਿਸ ਦੀਆ ਏਹਿ ਵਡਿਆਈਆ॥**





ਜੋ ਹਰਿ-ਨਾਮ (ਮੇਰੇ ਅੰਦਰ) ਸ਼ਾਂਤੀ ਤੇ ਸੁਖ ਪੈਦਾ ਕਰਕੇ ਮੇਰੇ ਮਨ ਵਿੱਚ ਆ ਟਿਕਿਆ ਹੈ, ਉਹ ਸਦਾ ਕਾਇਮ ਰਹਿਣ ਵਾਲਾ ਨਾਮ ਮੇਰੀ ਜ਼ਿੰਦਗੀ ਦਾ ਆਸਰਾ ਬਣ ਗਿਆ ਹੈ । ਮੈਂ (ਆਪਣੇ ਆਪ ਨੂੰ) ਗੁਰੂ ਤੋਂ ਸਦਕੇ ਕਰਦਾ ਹਾਂ, ਕਿਉਂਕਿ ਇਹ ਸਾਰੀਆਂ ਬਰਕਤਾਂ ਗੁਰੂ ਦੀਆਂ ਹੀ ਹਨ ।

**ਕਹੈ ਨਾਨਕੁ ਸੁਣਹੁ ਸੰਤਹੁ ਸਬਦਿ ਧਰਹੁ ਪਿਆਰੋ॥**
**ਸਾਚਾ ਨਾਮੁ ਮੇਰਾ ਆਧਾਰੋ॥੪॥**

ਨਾਨਕ ਆਖਦਾ ਹੈ, ਹੇ ਸੰਤ ਜਨੋ! (ਗੁਰੂ ਦਾ ਸ਼ਬਦ) ਸੁਣੋ, ਗੁਰੂ ਦੇ ਸ਼ਬਦ ਵਿੱਚ ਪਿਆਰ ਬਣਾਓ । (ਸਤਿਗੁਰੂ ਦੀ ਮਿਹਰ ਨਾਲ ਹੀ ਪ੍ਰਭੂ ਦਾ) ਸਦਾ ਕਾਇਮ ਰਹਿਣ ਵਾਲਾ ਨਾਮ ਮੇਰੀ ਜ਼ਿੰਦਗੀ ਦਾ ਆਸਰਾ (ਬਣ ਗਿਆ) ਹੈ ।

**ਵਾਜੇ ਪੰਚ ਸਬਦ ਤਿਤੁ ਘਰਿ ਸਭਾਗੈ॥**
**ਘਰਿ ਸਭਾਗੈ ਸਬਦ ਵਾਜੇ ਕਲਾ ਜਿਤੁ ਘਰਿ ਧਾਰੀਆ॥**
**ਪੰਚ ਦੂਤ ਤੁਧੁ ਵਸਿ ਕੀਤੇ ਕਾਲੁ ਕੰਟਕੁ ਮਾਰਿਆ॥**

ਜਿਸ (ਹਿਰਦੇ) ਘਰ ਵਿੱਚ (ਹੇ ਪ੍ਰਭੂ! ਤੂੰ) ਸੱਤਿਆ ਪਾਈ ਹੈ, ਉਸ ਭਾਗਾਂ ਵਾਲੇ (ਹਿਰਦੇ) ਘਰ ਵਿਚ (ਮਾਨੋ) ਪੰਜ ਕਿਸਮਾਂ ਦੇ ਸਾਜ਼ਾਂ ਦੀਆਂ ਮਿਲਵੀਆਂ ਸੁਰਾਂ ਵੱਜ ਪੈਂਦੀਆਂ ਹਨ (ਭਾਵ, ਉਸ ਹਿਰਦੇ ਵਿੱਚ ਪੂਰਨ ਆਨੰਦ ਬਣ ਜਾਂਦਾ ਹੈ)। (ਹੇ ਪ੍ਰਭੂ!) ਉਸ ਦੇ ਪੰਜੇ ਕਾਮਾਦਿਕ ਵੈਰੀ ਤੂੰ ਕਾਬੂ ਵਿੱਚ ਕਰ ਦੇਂਦਾ ਹੈਂ, ਤੇ ਡਰਾਉਣ ਵਾਲਾ ਕਾਲ (ਮੌਤ ਦਾ ਡਰ) ਦੂਰ ਕਰ ਦੇਂਦਾ ਹੈਂ।

**ਧੁਰਿ ਕਰਮਿ ਪਾਇਆ ਤੁਧੁ ਜਿਨ ਕਉ ਸਿ ਨਾਮਿ ਹਰਿ ਕੈ ਲਾਗੇ॥**
**ਕਹੈ ਨਾਨਕੁ ਤਹ ਸੁਖੁ ਹੋਆ ਤਿਤੁ ਘਰਿ ਅਨਹਦ ਵਾਜੇ ॥੫॥**

ਪਰ ਸਿਰਫ਼ ਉਹੀ ਮਨੁੱਖ ਹਰਿ-ਨਾਮ ਵਿਚ ਜੁੜਦੇ ਹਨ ਜਿਨ੍ਹਾਂ ਦੇ

ਭਾਗਾਂ ਵਿੱਚ ਤੂੰ ਧੁਰ ਤੋਂ ਹੀ ਆਪਣੀ ਮਿਹਰ ਨਾਲ (ਸਿਮਰਨ ਦਾ ਲੇਖ ਲਿਖ ਕੇ) ਰੱਖ ਦਿੱਤਾ ਹੈ । ਨਾਨਕ ਆਖਦਾ ਹੈ ਉਸ ਹਿਰਦੇ-ਘਰ ਵਿੱਚ ਸੁਖ ਪੈਦਾ ਹੁੰਦਾ ਹੈ, ਉਸ ਹਿਰਦੇ ਵਿਚ (ਮਾਨੋ) ਇਕ-ਰਸ (ਵਾਜੇ) ਵੱਜਦੇ ਹਨ ।

**ਅਨਦੁ ਸੁਣਹੁ ਵਡਭਾਗੀਹੋ ਸਗਲ ਮਨੋਰਥ ਪੂਰੇ॥**
**ਪਾਰਬ੍ਰਹਮੁ ਪ੍ਰਭੁ ਪਾਇਆ ਉਤਰੇ ਸਗਲ ਵਿਸੂਰੇ॥**

ਹੇ ਵੱਡੇ ਭਾਗਾਂ ਵਾਲਿਓ! ਸੁਣੋ, ਆਨੰਦ ਇਹ ਹੈ ਕਿ (ਉਸ ਅਵੱਸਥਾ ਵਿੱਚ) ਮਨ ਦੀਆਂ ਸਾਰੀਆਂ ਦੌੜਾਂ ਮੁੱਕ ਜਾਂਦੀਆਂ ਹਨ (ਸਾਰੇ ਸੰਕਲਪ ਸਿਰੇ ਚੜ੍ਹ ਜਾਂਦੇ ਹਨ), ਪਰਮ ਆਤਮਾ ਪ੍ਰਭੂ ਮਿਲ ਪੈਂਦਾ ਹੈ, ਸਾਰੇ ਚਿੰਤਾ-ਝੋਰੇ ਮਨ ਤੋਂ ਲਹਿ ਜਾਂਦੇ ਹਨ।

**ਦੂਖ ਰੋਗ ਸੰਤਾਪ ਉਤਰੇ ਸੁਣੀ ਸਚੀ ਬਾਣੀ॥**
**ਸੰਤ ਸਾਜਨ ਭਏ ਸਰਸੇ ਪੂਰੇ ਗੁਰ ਤੇ ਜਾਣੀ॥**

ਅਕਾਲ ਪੁਰਖ ਦੀ ਸਿਫ਼ਤਿ-ਸਾਲਾਹ ਦੀ ਬਾਣੀ ਸੁਣਿਆਂ ਸਾਰੇ ਦੁੱਖ ਰੋਗ ਕਲੇਸ਼ ਮਿਟ ਜਾਂਦੇ ਹਨ । ਜਿਹੜੇ ਸੰਤ ਗੁਰਮੁਖਿ, ਪੂਰੇ ਗੁਰੂ ਤੋਂ ਸਿਫ਼ਤਿ-ਸਾਲਾਹ ਦੀ ਬਾਣੀ ਨਾਲ ਸਾਂਝੀ ਪਾਉਣੀ ਸਿੱਖ ਲੈਂਦੇ ਹਨ ਉਹਨਾਂ ਦੇ ਹਿਰਦੇ ਖਿੜ ਜਾਂਦੇ ਹਨ ।

**ਸੁਣਤੇ ਪੁਨੀਤ ਕਹਤੇ ਪਵਿਤੁ ਸਤਿਗੁਰੁ ਰਹਿਆ ਭਰਪੂਰੇ॥**
**ਬਿਨਵੰਤਿ ਨਾਨਕੁ ਗੁਰ ਚਰਣ ਲਾਗੇ ਵਾਜੇ ਅਨਹਦ ਤੂਰੇ॥੪੦॥**

ਇਸ ਬਾਣੀ ਨੂੰ ਸੁਨਣ ਵਾਲੇ, ਉਚਾਰਨ ਵਾਲੇ ਸਭ ਪਵਿਤ੍ਰ-ਆਤਮਕ ਹੋ ਜਾਂਦੇ ਹਨ, ਇਸ ਬਾਣੀ ਵਿੱਚ ਉਹਨਾਂ ਨੂੰ ਸਤਿਗੁਰੂ ਹੀ ਦਿਸਦਾ ਹੈ ।

ਨਾਨਕ ਬੇਨਤੀ ਕਰਦਾ ਹੈ ਜਿਹੜੇ ਬੰਦੇ ਗੁਰੂ ਦੀ ਚਰਨੀਂ ਲੱਗਦੇ ਹਨ,





ਉਹਨਾਂ ਦੇ ਅੰਦਰ ਇਕ-ਰਸ (ਖ਼ੁਸ਼ੀ ਦੇ) ਵਾਜੇ ਵੱਜ ਪੈਂਦੇ ਹਨ (ਉਹਨਾਂ ਦੇ ਅੰਦਰ ਆਤਮਕ ਆਨੰਦ ਪੈਦਾ ਹੋ ਜਾਂਦਾ ਹੈ) ।

**ਮੁੰਦਾਵਣੀ ਮਹਲਾ ੫॥**
**ਥਾਲ ਵਿਚਿ ਤਿੰਨਿ ਵਸਤੂ ਪਈਓ ਸਤੁ ਸੰਤੋਖੁ ਵੀਚਾਰੋ॥**

ਹੇ ਭਾਈ! (ਉਸ ਮਨੁੱਖ ਦੇ ਹਿਰਦੇ) ਥਾਲ ਵਿੱਚ ਉੱਚਾ ਆਚਰਨ, ਸੰਤੋਖ ਅਤੇ ਆਤਮਿਕ ਜੀਵਨ ਦੀ ਸੂਝ, ਇਹ ਤਿੰਨ ਵਸਤੂਆਂ ਟਿਕੀਆਂ ਰਹਿੰਦੀਆਂ ਹਨ।

**ਅੰਮ੍ਰਿਤ ਨਾਮੁ ਠਾਕੁਰ ਕਾ ਪਇਓ ਜਿਸ ਕਾ ਸਭਸੁ ਅਧਾਰੋ॥**
**ਜੇ ਕੋ ਖਾਵੈ ਜੇ ਕੋ ਭੁੰਚੈ ਤਿਸ ਕਾ ਹੋਇ ਉਧਾਰੋ॥**

(ਜਿਸ ਮਨੁੱਖ ਦੇ ਹਿਰਦੇ-ਥਾਲ ਵਿੱਚ) ਪਰਮਾਤਮਾ ਦਾ ਆਤਮਿਕ ਜੀਵਨ ਦੇਣ ਵਾਲਾ ਨਾਮ ਆ ਵੱਸਦਾ ਹੈ (ਇਹ 'ਅੰਮ੍ਰਿਤ ਨਾਮੁ' ਐਸਾ ਹੈ) ਕਿ ਇਸ ਦਾ ਆਸਰਾ ਹਰੇਕ ਜੀਵ ਲਈ (ਜ਼ਰੂਰੀ) ਹੈ । (ਇਸ ਆਤਮਕ ਭੋਜਨ ਨੂੰ) ਜੇ ਕੋਈ ਮਨੁੱਖ ਸਦਾ ਖਾਂਦਾ ਰਹਿੰਦਾ ਹੈ, ਤਾਂ ਉਸ ਮਨੁੱਖ ਦਾ ਵਿਕਾਰਾਂ ਤੋਂ ਬਚਾਉ ਹੋ ਜਾਂਦਾ ਹੈ ।

**ਏਹ ਵਸਤੁ ਤਜੀ ਨਹ ਜਾਈ ਨਿਤ ਨਿਤ ਰਖੁ ਉਰਿ ਧਾਰੋ॥**
**ਤਮ ਸੰਸਾਰੁ ਚਰਨ ਲਗਿ ਤਰੀਐ ਸਭੁ ਨਾਨਕ ਬ੍ਰਹਮ ਪਸਾਰੋ॥੧॥**

ਹੇ ਭਾਈ! (ਜੇ ਆਤਮਕ 'ਉਧਾਰ' ਦੀ ਲੋੜ ਹੈ ਤਾਂ) ਆਤਮਕ ਪ੍ਰਸੰਨਤਾ ਦੇਣ ਵਾਲੀ ਇਹ ਨਾਮ-ਵਸਤੂ ਤਿਆਗੀ ਨਹੀਂ ਜਾ ਸਕਦੀ, ਇਸ ਨੂੰ ਸਦਾ ਹੀ ਆਪਣੇ ਹਿਰਦੇ ਵਿੱਚ ਸਾਂਭ ਕੇ ਰੱਖ । ਹੇ ਨਾਨਕ! (ਇਸ ਨਾਮ ਵਸਤੂ ਦੀ ਬਰਕਤਿ ਨਾਲ) ਪ੍ਰਭੂ ਦੀ ਚਰਨੀਂ ਲੱਗ ਕੇ ਘੁੱਪ ਹਨੇਰਾ ਸੰਸਾਰ-ਸਮੁੰਦਰ

ਤਰਿਆ ਜਾ ਸਕਦਾ ਹੈ ਅਤੇ ਹਰ ਥਾਂ ਪਰਮਾਤਮਾ ਦੇ ਆਪੇ ਦਾ ਪ੍ਰਕਾਸ਼ ਹੀ ਦਿੱਸਣ ਲੱਗ ਪੈਂਦਾ ਹੈ।

**ਸਲੋਕ ਮਹਲਾ ੫॥**
**ਤੇਰਾ ਕੀਤਾ ਜਾਤੋ ਨਾਹੀ ਮੈਨੋ ਜੋਗੁ ਕੀਤੋਈ॥**
**ਮੈ ਨਿਰਗੁਣਿਆਰੇ ਕੋ ਗੁਣੁ ਨਾਹੀ ਆਪੇ ਤਰਸੁ ਪਇਓਈ॥**

ਹੇ ਨਾਨਕ! ਆਖ ਹੇ ਪ੍ਰਭੂ! ਮੈਂ ਤੇਰੇ ਕੀਤੇ ਉਪਕਾਰ ਦੀ ਕਦਰ ਨਹੀਂ ਸਮਝ ਸਕਦਾ, ਉਪਕਾਰ ਦੀ ਦਾਤਿ ਸਾਂਭਣ ਲਈ ਤੂੰ ਆਪ ਹੀ ਮੈਨੂੰ ਯੋਗ ਭਾਂਡਾ ਬਣਾਇਆ ਹੈ । ਮੈਂ ਗੁਣ-ਹੀਨ ਵਿੱਚ ਕੋਈ ਗੁਣ ਨਹੀਂ ਹੈ । ਤੈਨੂੰ ਆਪ ਨੂੰ ਹੀ ਮੇਰੇ ਉਤੇ ਤਰਸ ਆ ਗਿਆ ।

**ਤਰਸੁ ਪਇਆ ਮਿਹਰਾਮਤਿ ਹੋਈ ਸਤਿਗੁਰੁ ਸਜਣੁ ਮਿਲਿਆ॥**
**ਨਾਨਕ ਨਾਮੁ ਮਿਲੈ ਤਾਂ ਜੀਵਾਂ ਤਨੁ ਮਨੁ ਥੀਵੈ ਹਰਿਆ॥੧॥**

ਹੇ ਪ੍ਰਭੂ! ਤੇਰੇ ਮਨ ਵਿੱਚ ਮੇਰੇ ਵਾਸਤੇ ਤਰਸ ਪੈਦਾ ਹੋਇਆ, ਮੇਰੇ ਉੱਤੇ ਤੇਰੀ ਮਿਹਰ ਹੋਈ, ਤਾਂ ਮੈਨੂੰ ਮਿੱਤਰ ਗੁਰੂ ਮਿਲ ਪਿਆ (ਤੇਰਾ ਇਹ ਉਪਕਾਰ ਭੁਲਾਇਆ ਨਹੀਂ ਜਾ ਸਕਦਾ)। ਹੁਣ ਪਿਆਰੇ ਗੁਰੂ ਪਾਸੋਂ ਜਦੋਂ ਮੈਨੂੰ ਤੇਰ) ਨਾਮ ਮਿਲਦਾ ਹੈ, ਤਾਂ ਮੇਰੇ ਅੰਦਰ ਆਤਮਕ ਜੀਵਨ ਪੈਦਾ ਹੋ ਜਾਂਦਾ ਹੈ, ਮੇਰਾ ਤਨ, ਮੇਰਾ ਮਨ ਉਸ ਆਤਮਿਕ ਜੀਵਨ ਦੀ ਬਰਕਤਿ ਨਾਲ ਖਿੜ ਜਾਂਦਾ ਹੈ।





# ੬

## ਸੋਹਿਲਾ-ਅਰਥ ਵਿਚਾਰ

**ਸੋਹਿਲਾ ਰਾਗੁ ਗਉੜੀ ਦੀਪਕੀ, ਮਹਲਾ ੧**
**੧ੴ ਸਤਿਗੁਰ ਪ੍ਰਸਾਦਿ॥**
**ਜੈ ਘਰਿ ਕੀਰਤਿ ਆਖੀਐ ਕਰਤੇ ਕਾ ਹੋਇ ਬੀਚਾਰੋ॥**
**ਤਿਤੁ ਘਰਿ ਗਾਵਹੁ ਸੋਹਿਲਾ ਸਿਵਰਿਹੁ ਸਿਰਜਣਹਾਰੋ॥੧॥**

ਜਿਸ (ਸਤਸੰਗ) ਘਰ ਵਿੱਚ (ਪਰਮਾਤਮਾ ਦੀ) ਸਿਫ਼ਤਿ-ਸਾਲਾਹ ਕੀਤੀ ਜਾਂਦੀ ਹੈ ਅਤੇ ਕਰਤਾਰ ਦੇ ਗੁਣਾਂ ਦੀ ਵਿਚਾਰ ਹੁੰਦੀ ਹੈ (ਹੇ ਜਿੰਦ-ਕੁੜੀਏ!) ਉਸ ਘਰ ਵਿਚ (ਜਾ ਕੇ ਤੂੰ ਭੀ) ਪ੍ਰਭੂ ਦੀ ਸਿਫ਼ਤਿ-ਸਾਲਾਹ ਦੇ ਗੀਤ (ਸੁਹਾਗ-ਮਿਲਾਪ ਦੀ ਤਾਂਘ ਦੇ ਸ਼ਬਦ) ਗਾਇਆ ਕਰ ਅਤੇ ਪੈਦਾ ਕਰਨ ਵਾਲੇ ਆਪਣੇ ਪ੍ਰਭੂ ਨੂੰ ਯਾਦ ਕਰਿਆ ਕਰ।

**ਤੁਮ ਗਾਵਹੁ ਮੇਰੇ ਨਿਰਭਉ ਕਾ ਸੋਹਿਲਾ॥**
**ਹਉ ਵਾਰੀ ਜਿਤੁ ਸੋਹਿਲੈ ਸਦਾ ਸੁਖੁ ਹੋਇ॥੧॥ਰਹਾਉ॥**

(ਹੇ ਜਿੰਦੇ!) ਤੂੰ (ਸਤਸੰਗੀਆਂ ਨਾਲ ਮਿਲ ਕੇ) ਪਿਆਰੇ ਨਿਰਭਉ (ਖਸਮ) ਦੀ ਸਿਫ਼ਤਿ ਦੇ ਗੀਤ ਗਾ (ਅਤੇ ਆਖ) ਮੈਂ ਸਦਕੇ ਹਾਂ ਉਸ ਸਿਫ਼ਤਿ-ਦੇ-ਗੀਤ ਤੋਂ ਜਿਸ ਦੀ ਬਰਕਤਿ ਨਾਲ ਸਦਾ ਦਾ ਸੁਖ ਮਿਲਦਾ ਹੈ।

**ਨਿਤ ਨਿਤ ਜੀਅੜੇ ਸਮਾਲੀਅਨਿ ਦੇਖੈਗਾ ਦੇਵਣਹਾਰੁ॥**

**ਤੇਰੇ ਦਾਨੈ ਕੀਮਤਿ ਨ ਪਵੈ ਤਿਸੁ ਦਾਤੇ ਕਵਣੁ ਸੁਮਾਰੁ॥੨॥**

(ਹੇ ਜਿੰਦੇ! ਜਿਸ ਖਸਮ ਦੀ ਹਜ਼ੂਰੀ ਵਿੱਚ) ਸਦਾ ਹੀ ਜੀਵਾਂ ਦੀ ਸੰਭਾਲ ਹੋ ਰਹੀ ਹੈ, ਜੋ ਦਾਤਾਂ ਦੇਣ ਵਾਲਾ ਮਾਲਕ (ਹਰੇਕ ਜੀਵ ਦੀ) ਸੰਭਾਲ ਕਰਦਾ ਹੈ, (ਜਿਸ ਦਾਤਾਰ ਦੀਆਂ) ਦਾਤਾਂ ਦਾ ਮੁੱਲ (ਹੇ ਜਿੰਦੇ!) ਤੇਰੇ ਪਾਸੋਂ ਨਹੀਂ ਪੈ ਸਕਦਾ, ਉਸ ਦਾਤਾਰ ਦਾ ਭੀ ਕੀਹ ਅੰਦਾਜ਼ਾ (ਤੂੰ ਲਾ ਸਕਦੀ ਹੈਂ)? (ਉਹ ਦਾਤਾਰ-ਪ੍ਰਭੂ ਬਹੁਤ ਬੇਅੰਤ ਹੈ)।

**ਸੰਬਤਿ ਸਾਹਾ ਲਿਖਿਆ ਮਿਲਿ ਕਰਿ ਪਾਵਹੁ ਤੇਲੁ॥**
**ਦੇਹੁ ਸਜਣ ਅਸੀਸੜੀਆ ਜਿਉ ਹੋਵੈ ਸਾਹਿਬ ਸਿਉ ਮੇਲੁ॥੩॥**

(ਸਤਸੰਗ ਵਿੱਚ ਜਾ ਕੇ, ਹੇ ਜਿੰਦੇ! ਅਰਜ਼ੋਈਆਂ ਕਰਿਆ ਕਰ-) ਉਹ ਸੰਮਤ ਉਹ ਦਿਹਾੜਾ (ਪਹਿਲਾਂ ਹੀ) ਮਿਥਿਆ ਹੋਇਆ ਹੈ (ਜਦੋਂ ਪਤੀ ਦੇ ਦੇਸ ਜਾਣ ਲਈ ਮੇਰੇ ਵਾਸਤੇ ਸਾਹੇ-ਚਿੱਠੀ ਆਉਣੀ ਹੈ, ਹੇ ਸਤਸੰਗੀ ਸਹੇਲੀਓ!) ਰਲ ਕੇ ਮੈਨੂੰ ਮਾਂਈਏਂ ਪਾਓ, ਤੇ, ਹੇ ਸੱਜਣ (ਸਹੇਲੀਓ!) ਮੈਨੂੰ ਸੋਹਣੀਆਂ ਅਸੀਸਾਂ ਭੀ ਦਿਓ (ਭਾਵ, ਮੇਰੇ ਲਈ ਅਰਦਾਸ ਭੀ ਕਰੋ) ਜਿਵੇਂ, ਪ੍ਰਭੂ-ਪਤੀ ਨਾਲ ਮੇਰਾ ਮਿਲਾਪ ਹੋ ਜਾਏ।

**ਘਰਿ ਘਰਿ ਏਹੋ ਪਾਹੁਚਾ ਸਦੜੇ ਨਿਤ ਪਵੰਨਿ॥**
**ਸਦਣਹਾਰਾ ਸਿਮਰੀਐ ਨਾਨਕ ਸੇ ਦਿਹ ਆਵੰਨਿ॥੪॥੧॥**

(ਪਰਲੋਕ ਵਿੱਚ ਜਾਣ ਲਈ ਮੌਤ ਦੀ) ਇਹ ਸਾਹੇ-ਚਿੱਠੀ ਹਰੇਕ ਘਰ ਵਿੱਚ ਆ ਰਹੀ ਹੈ, ਇਹ ਸੱਦੇ ਨਿਤ ਪੈ ਰਹੇ ਹਨ । (ਹੇ ਸਤਸੰਗੀਓ!) ਉਸ ਸੱਦਾ ਭੇਜਣ ਵਾਲੇ ਪ੍ਰਭੂ-ਪਤੀ ਨੂੰ ਯਾਦ ਰੱਖਣਾ ਚਾਹੀਦਾ ਹੈ (ਕਿਉਂਕਿ) ਹੇ ਨਾਨਕ! (ਸਾਡੇ ਭੀ) ਉਹ ਦਿਨ (ਨੇੜੇ) ਆ ਰਹੇ ਹਨ।





**ਰਾਗੁ ਆਸਾ ਮਹਲਾ ੧॥**
**ਛਿਅ ਘਰ ਛਿਅ ਗੁਰ ਛਿਅ ਉਪਦੇਸ॥**
**ਗੁਰੁ ਗੁਰੁ ਏਕੋ ਵੇਸ ਅਨੇਕ॥੧॥**

(ਹੇ ਭਾਈ!) ਛੇ ਸ਼ਾਸਤਰ ਹਨ, ਛੇ ਹੀ (ਇਹਨਾਂ ਸ਼ਾਸਤਰਾਂ ਦੇ) ਚਲਾਣ ਵਾਲੇ ਹਨ, ਛੇ ਹੀ ਇਹਨਾਂ ਦੇ ਸਿਧਾਂਤ ਹਨ। ਪਰ ਇਹਨਾਂ ਸਾਰਿਆਂ ਦਾ ਮੂਲ-ਗੁਰੂ (ਪਰਮਾਤਮਾ) ਇੱਕ ਹੈ । (ਇਹ ਸਾਰੇ ਸਿਧਾਂਤ) ਉਸ ਇੱਕ ਪ੍ਰਭੂ ਦੇ ਹੀ ਅਨੇਕਾਂ ਵੇਸ ਹਨ (ਪ੍ਰਭੂ ਦੀ ਹਸਤੀ ਦੇ ਪਰਕਾਸ਼ ਦੇ ਰੂਪ ਹਨ)।

**ਬਾਬਾ ਜੈ ਘਰਿ ਕਰਤੇ ਕੀਰਤਿ ਹੋਇ॥**
**ਸੋ ਘਰੁ ਰਾਖੁ ਵਡਾਈ ਤੋਇ॥੧॥ਰਹਾਉ॥**

ਹੇ ਭਾਈ! ਜਿਸ (ਸਤਸੰਗ) ਘਰ ਵਿੱਚ ਕਰਤਾਰ ਦੀ ਸਿਫ਼ਤਿ-ਸਾਲਾਹ ਹੁੰਦੀ ਹੈ, ਉਸ ਘਰ ਨੂੰ ਸਾਂਭ ਕੇ ਰੱਖ (ਉਸ ਸਤਸੰਗ ਦਾ ਆਸਰਾ ਲਈ ਰੱਖ । ਇਸੇ ਵਿੱਚ) ਤੇਰੀ ਭਲਾਈ ਹੈ।

**ਵਿਸੁਏ ਚਸਿਆ ਘੜੀਆ ਪਹਰਾ**
**ਥਿਤੀ ਵਾਰੀ ਮਾਹੁ ਹੋਆ॥**
**ਸੂਰਜੁ ਏਕੋ ਰੁਤਿ ਅਨੇਕ॥**
**ਨਾਨਕ ਕਰਤੇ ਕੇ ਕੇਤੇ ਵੇਸ॥੨॥੨॥**

ਜਿਵੇਂ ਵਿਸੁਏ, ਚਸੇ, ਘੜੀਆਂ, ਪਹਰ, ਥਿੱਤਾਂ, ਵਾਰ, ਮਹੀਨਾ (ਆਦਿਕ) ਅਤੇ ਹੋਰ ਅਨੇਕਾਂ ਰੁੱਤਾਂ ਹਨ, ਪਰ ਸੂਰਜ ਇਕੋ ਹੀ ਹੈ (ਜਿਸ ਦੇ ਇਹ ਸਾਰੇ ਵੱਖ-ਵੱਖ ਰੂਪ ਹਨ), ਤਿਵੇਂ, ਹੇ ਨਾਨਕ! ਕਰਤਾਰ ਦੇ (ਇਹ ਸਾਰੇ ਸਿਧਾਂਤ ਆਦਿਕ) ਅਨੇਕਾਂ ਸਰੂਪ ਹਨ।

**ਰਾਗੁ ਧਨਾਸਰੀ ਮਹਲਾ ੧॥**
**ਗਗਨ ਮੈ ਥਾਲੁ ਰਵਿ ਚੰਦੁ ਦੀਪਕ ਬਨੇ**
**ਤਾਰਿਕਾ ਮੰਡਲ ਜਨਕ ਮੋਤੀ॥**
**ਧੂਪੁ ਮਲਆਨਲੋ ਪਵਣੁ ਚਵਰੋ ਕਰੇ**
**ਸਗਲ ਬਨਰਾਇ ਫੂਲੰਤ ਜੋਤੀ॥੧॥**

ਸਾਰਾ ਆਕਾਸ਼ (ਮਾਨੋ) ਥਾਲ ਹੈ । ਸੂਰਜ ਤੇ ਚੰਦ (ਉਸ ਥਾਲ ਵਿੱਚ) ਦੀਵੇ ਬਣੇ ਹੋਏ ਹਨ । ਤਾਰਿਆਂ ਦੇ ਸਮੂਹ, ਮਾਨੋ (ਥਾਲ ਵਿੱਚ) ਮੋਤੀ ਰੱਖੇ ਹੋਏ ਹਨ । ਮਲਯ ਪਰਬਤ ਵਲੋਂ ਆਉਣ ਵਾਲੀ ਹਵਾ, ਮਾਨੋ ਧੂਪ (ਧੁਖ ਰਹੀ) ਹੈ, ਹਵਾ ਚੌਰ ਕਰ ਰਹੀ ਹੈ । ਸਾਰੀ ਬਨਸਪਤੀ ਜੋਤਿ-ਰੂਪ (ਪ੍ਰਭੂ ਦੀ ਆਰਤੀ) ਵਾਸਤੇ ਫੁੱਲ ਦੇ ਰਹੀ ਹੈ।

**ਕੈਸੀ ਆਰਤੀ ਹੋਇ ॥ ਭਵਖੰਡਨਾ ਤੇਰੀ ਆਰਤੀ॥**
**ਅਨਹਤਾ ਸਬਦ ਵਾਜੰਤ ਭੇਰੀ॥੧॥ਰਹਾਉ॥**

ਹੇ ਜੀਵਾਂ ਦੇ ਜਨਮ ਮਰਨ ਨਾਸ ਕਰਨ ਵਾਲੇ! (ਕੁਦਰਤਿ ਵਿੱਚ) ਤੇਰੀ ਕੈਸੀ ਸੁੰਦਰ ਆਰਤੀ ਹੋ ਰਹੀ ਹੈ! (ਸਭ ਜੀਵਾਂ ਵਿੱਚ ਰੁਮਕ ਰਹੀ) ਇੱਕੋ ਜੀਵਨ-ਰੌ, ਮਾਨੋ, ਤੇਰੀ ਆਰਤੀ ਵਾਸਤੇ ਨਗਾਰੇ ਵੱਜ ਰਹੇ ਹਨ।

**ਸਹਸ ਤਵ ਨੈਨ ਨਨ ਨੈਨ ਹਹਿ ਤੋਹਿ ਕਉ**
**ਸਹਸ ਮੂਰਤਿ ਨਨਾ ਏਕ ਤੁੋਹੀ॥**
**ਸਹਸ ਪਦ ਬਿਮਲ ਨਨ ਏਕ ਪਦ ਗੰਧ ਬਿਨੁ**
**ਸਹਸ ਤਵ ਗੰਧ ਇਵ ਚਲਤ ਮੋਹੀ॥੨॥**

(ਸਭ ਜੀਵਾਂ ਵਿੱਚ ਵਿਆਪਕ ਹੋਣ ਕਰਕੇ) ਹਜ਼ਾਰਾਂ ਤੇਰੀਆਂ ਅੱਖਾਂ ਹਨ (ਪਰ, ਨਿਰਾਕਾਰ ਹੋਣ ਕਰਕੇ, ਹੇ ਪ੍ਰਭੂ!) ਤੇਰੀ ਕੋਈ ਅੱਖ ਨਹੀਂ ।





ਹਜ਼ਾਰਾਂ ਤੇਰੀਆਂ ਸ਼ਕਲਾਂ ਹਨ, ਪਰ ਤੇਰੀ ਕੋਈ ਭੀ ਸ਼ਕਲ ਨਹੀਂ ਹੈ । ਹਜ਼ਾਰਾਂ ਤੇਰੇ ਸੋਹਣੇ ਪੈਰ ਹਨ, (ਪਰ ਨਿਰਾਕਾਰ ਹੋਣ ਕਰਕੇ) ਤੇਰਾ ਇੱਕ ਭੀ ਪੈਰ ਨਹੀਂ । ਹਜ਼ਾਰਾਂ ਤੇਰੇ ਨੱਕ ਹਨ, ਪਰ ਤੂੰ ਨੱਕ ਤੋਂ ਬਿਨਾਂ ਹੀ ਹੈਂ । ਤੇਰੇ ਅਜਿਹੇ ਕੌਤਕਾਂ ਨੇ ਮੈਨੂੰ ਹੈਰਾਨ ਕੀਤਾ ਹੋਇਆ ਹੈ ।

**ਸਭ ਮਹਿ ਜੋਤਿ ਜੋਤਿ ਹੈ ਸੋਇ॥**
**ਤਿਸ ਦੈ ਚਾਨਣਿ ਸਭ ਮਹਿ ਚਾਨਣੁ ਹੋਇ॥**
**ਗੁਰ ਸਾਖੀ ਜੋਤਿ ਪਰਗਟੁ ਹੋਇ॥**
**ਜੋ ਤਿਸੁ ਭਾਵੈ ਸੁ ਆਰਤੀ ਹੋਇ॥੩॥**

ਸਾਰੇ ਜੀਵਾਂ ਵਿੱਚ ਇਕੋ ਉਹੀ ਪਰਮਾਤਮਾ ਦੀ ਜੋਤੀ ਵਰਤ ਰਹੀ ਹੈ। ਉਸ ਜੋਤਿ ਦੇ ਪ੍ਰਕਾਸ਼ ਨਾਲ ਸਾਰੇ ਜੀਵਾਂ ਵਿੱਚ ਚਾਨਣ (ਸੂਝ-ਬੂਝ) ਹੈ । ਪਰ ਇਸ ਜੋਤਿ ਦਾ ਗਿਆਨ ਗੁਰੂ ਦੀ ਸਿੱਖਿਆ ਨਾਲ ਹੀ ਹੁੰਦਾ ਹੈ । (ਗੁਰੂ ਰਾਹੀਂ ਇਹ ਸਮਝ ਪੈਂਦੀ ਹੈ ਕਿ ਹਰੇਕ ਦੇ ਅੰਦਰ ਪਰਮਾਤਮਾ ਦੀ ਜੋਤਿ ਹੈ) । (ਇਸ ਸਰਬ-ਵਿਆਪਕ ਜੋਤਿ ਦੀ) ਆਰਤੀ ਇਹ ਹੈ ਕਿ ਜੋ ਕੁਝ ਉਸ ਦੀ ਰਜ਼ਾ ਵਿੱਚ ਹੋ ਰਿਹਾ ਹੈ, ਉਹ ਜੀਵ ਨੂੰ ਚੰਗਾ ਲੱਗੇ (ਪ੍ਰਭੂ ਦੀ ਰਜ਼ਾ ਵਿੱਚ ਤੁਰਨਾ ਪ੍ਰਭੂ ਦੀ ਆਰਤੀ ਕਰਨੀ ਹੈ)।

**ਹਰਿ ਚਰਣ ਕਵਲ ਮਕਰੰਦ ਲੋਭਿਤ ਮਨੋ**
**ਅਨਦਿਨੋ ਮੋਹਿ ਆਹੀ ਪਿਆਸਾ॥**
**ਕ੍ਰਿਪਾ ਜਲੁ ਦੇਹਿ ਨਾਨਕ ਸਾਰਿੰਗ ਕਉ**
**ਹੋਇ ਜਾ ਤੇ ਤੇਰੈ ਨਾਇ ਵਾਸਾ॥੪॥੩॥**

ਹੇ ਹਰੀ! ਤੇਰੇ ਚਰਨ-ਰੂਪ ਕੌਲ-ਫੁੱਲਾਂ ਦੇ ਰਸ ਲਈ ਮੇਰਾ ਮਨ ਲਲਚਾਂਦਾ ਹੈ, ਹਰ ਰੋਜ਼ ਮੈਨੂੰ ਇਸੇ ਰਸ ਦੀ ਪਿਆਸ ਲੱਗੀ ਹੋਈ ਹੈ । ਮੈਨੂੰ

ਨਾਨਕ ਪਪੀਹੇ ਨੂੰ ਆਪਣੀ ਮਿਹਰ ਦਾ ਜਲ ਦੇਹ, ਜਿਸ (ਦੀ ਬਰਕਤਿ) ਨਾਲ ਮੈਂ ਤੇਰੇ ਨਾਮ ਵਿੱਚ ਟਿਕਿਆ ਰਹਾਂ।

**ਰਾਗੁ ਗਉੜੀ ਪੂਰਬੀ ਮਹਲਾ ੪॥**
**ਕਾਮਿ ਕਰੋਧਿ ਨਗਰੁ ਬਹੁ ਭਰਿਆ**
**ਮਿਲਿ ਸਾਧੂ ਖੰਡਲ ਖੰਡਾ ਹੇ॥**
**ਪੂਰਬਿ ਲਿਖਤ ਲਿਖੇ ਗੁਰੁ ਪਾਇਆ**
**ਮਨਿ ਹਰਿ ਲਿਵ ਮੰਡਲ ਮੰਡਾ ਹੇ॥੧॥**

(ਮਨੁੱਖ ਦਾ ਇਹ ਸਰੀਰ ਰੂਪੀ) ਸ਼ਹਿਰ ਕਾਮ ਅਤੇ ਕ੍ਰੋਧ ਨਾਲ ਭਰਿਆ ਰਹਿੰਦਾ ਹੈ । ਗੁਰੂ ਨੂੰ ਮਿਲ ਕੇ ਹੀ (ਕਾਮ ਕ੍ਰੋਧ ਆਦਿਕ ਦੇ ਇਸ ਜੋੜ ਨੂੰ) ਤੋੜਿਆ ਜਾ ਸਕਦਾ ਹੈ । ਜਿਸ ਮਨੁੱਖ ਨੂੰ ਪੂਰਬਲੇ ਕੀਤੇ ਕਰਮਾਂ ਦੇ ਸੰਜੋਗਾਂ ਨਾਲ ਗੁਰੂ ਮਿਲ ਪੈਂਦਾ ਹੈ, ਉਸ ਦੇ ਮਨ ਵਿੱਚ ਪਰਮਾਤਮਾ ਨਾਲ ਲਿਵ ਲੱਗ ਜਾਂਦੀ ਹੈ (ਅਤੇ ਉਸ ਦੇ ਅੰਦਰੋਂ ਕਾਮਾਦਿਕਾਂ ਦਾ ਜੋੜ ਟੁੱਟ ਜਾਂਦਾ ਹੈ)।

**ਕਰਿ ਸਾਧੂ ਅੰਜੁਲੀ ਪੁਨੁ ਵਡਾ ਹੇ॥**
**ਕਰਿ ਡੰਡਉਤ ਪੁਨੁ ਵਡਾ ਹੇ॥੧॥ਰਹਾਉ॥**

(ਹੇ ਭਾਈ!) ਗੁਰੂ ਅੱਗੇ ਹੱਥ ਜੋੜ, ਇਹ ਬਹੁਤ ਭਲਾ ਕੰਮ ਹੈ । ਗੁਰੂ ਅੱਗੇ ਢਹਿ ਪਉ, ਇਹ ਬੜਾ ਨੇਕ ਕੰਮ ਹੈ।

**ਸਾਕਤ ਹਰਿ ਰਸ ਸਾਦੁ ਨ ਜਾਣਿਆ**
**ਤਿਨ ਅੰਤਰਿ ਹਉਮੈ ਕੰਡਾ ਹੇ॥**
**ਜਿਉ ਜਿਉ ਚਲਹਿ ਚੁਭੈ ਦੁਖੁ ਪਾਵਹਿ**
**ਜਮਕਾਲੁ ਸਹਹਿ ਸਿਰਿ ਡੰਡਾ ਹੇ॥੨॥**





ਜਿਹੜੇ ਮਨੁੱਖ ਪਰਮਾਤਮਾ ਨਾਲੋਂ ਟੁੱਟੇ ਹੋਏ ਹਨ, ਉਹ ਉਸ ਦੇ ਨਾਮ ਦੇ ਰਸ ਦੇ ਸੁਆਦ ਨੂੰ ਸਮਝ ਨਹੀਂ ਸਕਦੇ । ਉਹਨਾਂ ਦੇ ਮਨ ਵਿੱਚ ਅਹੰਕਾਰ ਦਾ (ਮਾਨੋ) ਕੰਡਾ ਚੁੱਭਾ ਹੋਇਆ ਹੈ । ਜਿਉਂ ਜਿਉਂ ਉਹ ਤੁਰਦੇ ਹਨ (ਜਿਉਂ ਜਿਉਂ ਉਹ ਹਉਮੈ ਦੇ ਸੁਭਾਅ ਵਾਲੀ ਵਰਤੋਂ ਵਰਤਦੇ ਹਨ, ਹਉਮੈ ਦਾ ਉਹ ਕੰਡਾ ਉਹਨਾਂ ਨੂੰ) ਚੁੱਭਦਾ ਹੈ, ਉਹ ਦੁੱਖ ਪਾਂਉਦੇ ਹਨ, ਅਤੇ ਆਪਣੇ ਸਿਰ ਉੱਤੇ ਆਤਮਿਕ ਮੌਤ-ਰੂਪ ਡੰਡਾ ਸਹਾਰਦੇ ਹਨ (ਆਤਮਿਕ ਮੌਤ ਉਹਨਾਂ ਦੇ ਸਿਰ ਉੱਤੇ ਸਵਾਰ ਰਹਿੰਦੀ ਹੈ)।

**ਹਰਿ ਜਨ ਹਰਿ ਹਰਿ ਨਾਮ ਸਮਾਣੇ**
**ਦੁਖੁ ਜਨਮ ਮਰਣ ਭਵ ਖੰਡਾ ਹੇ॥**
**ਅਬਿਨਾਸੀ ਪੁਰਖੁ ਪਾਇਆ ਪਰਮੇਸਰੁ**
**ਬਹੁ ਸੋਭ ਖੰਡ ਬ੍ਰਹਮੰਡਾ ਹੇ॥੩॥**

(ਦੂਜੇ ਪਾਸੇ) ਪਰਮਾਤਮਾ ਦੇ ਪਿਆਰੇ ਬੰਦੇ ਪਰਮਾਤਮਾ ਦੇ ਨਾਮ ਵਿੱਚ ਜੁੜੇ ਰਹਿੰਦੇ ਹਨ । ਉਹਨਾਂ ਦਾ ਸੰਸਾਰ ਦਾ ਜੰਮਣ ਮਰਨ ਦਾ ਦੁੱਖ ਕੱਟਿਆ ਜਾਂਦਾ ਹੈ । ਉਹਨਾਂ ਨੂੰ ਕਦੇ ਨਾਸ਼ ਨਾਹ ਹੋਣ ਵਾਲਾ ਸਰਬ-ਵਿਆਪਕ ਪਰਮੇਸ਼ਰ ਮਿਲ ਪੈਂਦਾ ਹੈ । ਉਹਨਾਂ ਦੀ ਸੋਭਾ ਸਾਰੇ ਖੰਡਾਂ ਬ੍ਰਹਮੰਡਾਂ ਵਿੱਚ ਹੋ ਜਾਂਦੀ ਹੈ ।

**ਹਮ ਗਰੀਬ ਮਸਕੀਨ ਪ੍ਰਭ ਤੇਰੇ**
**ਹਰਿ ਰਾਖੁ ਰਾਖੁ ਵਡ ਵਡਾ ਹੇ॥**
**ਜਨ ਨਾਨਕ ਨਾਮੁ ਅਧਾਰੁ ਟੇਕ ਹੈ**
**ਹਰਿ ਨਾਮੇ ਹੀ ਸੁਖੁ ਮੰਡਾ ਹੇ॥੪॥੪॥**

ਹੇ ਪ੍ਰਭੂ! ਅਸੀਂ ਜੀਵ ਤੇਰੇ ਦਰ ਦੇ ਗਰੀਬ ਮੰਗਤੇ ਹਾਂ । ਤੂੰ ਸਭ ਤੋਂ

ਵੱਡਾ ਸਹਾਈ ਹੈਂ । ਸਾਨੂੰ (ਇਹਨਾਂ ਕਾਮਾਦਿਕਾਂ ਤੋਂ) ਬਚਾ ਲੈ । ਹੇ ਪ੍ਰਭੂ! ਤੇਰੇ ਦਾਸ ਨਾਨਕ ਨੂੰ ਤੇਰਾ ਨਾਮ ਹੀ ਆਸਰਾ ਹੈ, ਤੇਰਾ ਨਾਮ ਹੀ ਸਹਾਰਾ ਹੈ । ਤੇਰੇ ਨਾਮ ਵਿੱਚ ਜੁੜਿਆਂ ਹੀ ਸੁਖ ਮਿਲਦਾ ਹੈ।

**ਰਾਗੁ ਗਉੜੀ ਪੂਰਬੀ ਮਹਲਾ ੫॥**
**ਕਰਉ ਬੇਨੰਤੀ ਸੁਣਹੁ ਮੇਰੇ ਮੀਤਾ ਸੰਤ ਟਹਲ ਕੀ ਬੇਲਾ॥**
**ਈਹਾ ਖਾਟਿ ਚਲਹੁ ਹਰਿ ਲਾਹਾ ਆਗੈ ਬਸਨੁ ਸੁਹੇਲਾ॥੧॥**

ਹੇ ਮੇਰੇ ਮਿੱਤਰੋ! ਸੁਣੋ! ਮੈਂ ਬੇਨਤੀ ਕਰਦਾ ਹਾਂ (ਹੁਣ) ਗੁਰਮੁਖਾਂ ਦੀ ਸੇਵਾ ਕਰਨ ਦਾ ਵੇਲਾ ਹੈ । (ਜੇ ਸੇਵਾ ਕਰੋਗੇ, ਤਾਂ) ਇਸ ਜਨਮ ਵਿੱਚ ਪ੍ਰਭੂ ਦੇ ਨਾਮ ਦੀ ਖੱਟੀ ਖੱਟ ਕੇ ਜਾਵੋਗੇ, ਅਤੇ ਪਰਲੋਕ ਵਿੱਚ ਰਹਿਣਾ ਸੌਖਾ ਹੋ ਜਾਏਗਾ।

**ਅਉਧ ਘਟੈ ਦਿਨਸੁ ਰੈਣਾ ਰੇ॥**
**ਮਨ ਗੁਰ ਮਿਲਿ ਕਾਜ ਸਵਾਰੇ॥੧॥ਰਹਾਉ॥**

ਹੇ ਮਨ! ਦਿਨ ਰਾਤ (ਬੀਤ-ਬੀਤ ਕੇ) ਉਮਰ ਘੱਟਦੀ ਜਾ ਰਹੀ ਹੈ। ਹੇ (ਮੇਰੇ) ਮਨ! ਗੁਰੂ ਨੂੰ ਮਿਲ ਕੇ (ਮਨੁੱਖਾ ਜੀਵਨ ਦਾ) ਕੰਮ ਸਿਰੇ ਚਾੜ੍ਹ।

**ਇਹੁ ਸੰਸਾਰੁ ਬਿਕਾਰੁ ਸੰਸੇ ਮਹਿ ਤਰਿਓ ਬ੍ਰਹਮ ਗਿਆਨੀ॥**
**ਜਿਸਹਿ ਜਗਾਇ ਪੀਆਵੈ ਇਹੁ ਰਸ ਅਕਥ ਕਥਾ ਤਿਨਿ ਜਾਨੀ॥੨॥**

ਇਹ ਜਗਤ ਵਿਕਾਰਾਂ ਨਾਲ ਭਰਪੂਰ ਹੈ । (ਜਗਤ ਦੇ ਜੀਵ) ਤੌਖ਼ਲਿਆਂ ਵਿੱਚ (ਡੁੱਬ ਰਹੇ ਹਨ । ਇਹਨਾਂ ਵਿਚੋਂ) ਉਹੀ ਮਨੁੱਖ ਨਿਕਲਦਾ ਹੈ ਜਿਸ ਨੇ ਪਰਮਾਤਮਾ ਨਾਲ ਜਾਣ-ਪਛਾਣ ਪਾ ਲਈ ਹੈ । (ਵਿਕਾਰਾਂ ਵਿੱਚ ਸੁੱਤੇ ਹੋਏ) ਜਿਸ ਮਨੁੱਖ ਨੂੰ ਪ੍ਰਭੂ ਆਪ ਜਗਾ ਕੇ ਇਹ ਨਾਮ-ਅੰਮ੍ਰਿਤ ਪਿਲਾਂਦਾ ਹੈ, ਉਸ ਮਨੁੱਖ ਨੇ ਅਕੱਥ ਪ੍ਰਭੂ ਦੀਆਂ ਗੱਲਾਂ (ਬੇਅੰਤ ਗੁਣਾਂ ਵਾਲੇ ਪ੍ਰਭੂ ਦੀ ਸਿਫ਼ਤਿ-





ਸਾਲਾਹ) ਕਰਨ ਦੀ ਜਾਚ ਸਿੱਖ ਲਈ ਹੈ ।

**ਜਾ ਕਉ ਆਏ ਸੋਈ ਬਿਹਾਝਹੁ ਹਰਿ ਗੁਰ ਤੇ ਮਨਹਿ ਬਸੇਰਾ॥**
**ਨਿਜ ਘਰਿ ਮਹਲੁ ਪਾਵਹੁ ਸੁਖ ਸਹਜੇ ਬਹੁਰਿ ਨ ਹੋਇਗੋ ਫੇਰਾ॥੩॥**

(ਹੇ ਭਾਈ!) ਜਿਸ ਕੰਮ ਵਾਸਤੇ (ਇੱਥੇ) ਆਏ ਹੋ, ਉਸ ਦਾ ਵਣਜ ਕਰੋ। ਉਹ ਹਰਿ-ਨਾਮ ਗੁਰੂ ਦੇ ਰਾਹੀਂ (ਹੀ) ਮਨ ਵਿੱਚ ਵੱਸ ਸਕਦਾ ਹੈ । (ਜੇ ਗੁਰੂ ਦੀ ਸਰਨ ਪਵੋਗੇ, ਤਾਂ) ਆਤਮਕ ਆਨੰਦ ਅਤੇ ਅਡੋਲਤਾ ਵਿੱਚ ਟਿਕ ਕੇ ਆਪਣੇ ਅੰਦਰ ਹੀ ਪਰਮਾਤਮਾ ਦਾ ਟਿਕਾਣਾ ਲੱਭ ਲਵੋਗੇ । ਫਿਰ ਮੁੜ ਜਨਮ ਮਰਨ ਦਾ ਗੇੜ ਨਹੀਂ ਹੋਵੇਗਾ ।

**ਅੰਤਰਜਾਮੀ ਪੁਰਖ ਬਿਧਾਤੇ ਸਰਧਾ ਮਨ ਕੀ ਪੂਰੇ॥**
**ਨਾਨਕ ਦਾਸੁ ਇਹੈ ਸੁਖੁ ਮਾਗੈ ਮੋ ਕਉ ਕਰਿ ਸੰਤਨ ਕੀ ਧੂਰੇ॥੪॥੫॥**

ਹੇ ਹਰੇਕ ਦੇ ਦਿਲ ਦੀ ਜਾਨਣ ਵਾਲੇ ਸਰਬ-ਵਿਆਪਕ ਸਿਰਜਨਹਾਰ! ਮੇਰੇ ਮਨ ਦੀ ਇੱਛਾ ਪੂਰੀ ਕਰ । ਦਾਸ ਨਾਨਕ ਤੈਥੋਂ ਇਹੀ ਸੁਖ ਮੰਗਦਾ ਹੈ ਕਿ ਮੈਨੂੰ ਸੰਤਾਂ ਦੇ ਚਰਨਾਂ ਦੀ ਧੂੜ ਬਣਾ ਦੇਹ।

੭

## ਰੁਕੀਏ, ਸੋਚੀਏ ਫਿਰ ਚੱਲੀਏ
## ਵਿਸ਼ਰਾਮ (॥) ਨੂੰ ਪੜ੍ਹੀਏ

ਰੁਕੋ, ਦੇਖੋ ਤੇ ਜਾਓ (Stop, Look and Go) ਇਹ ਸ਼ਬਦ ਸੜਕਾਂ ਅਤੇ ਚੌਰਾਹਿਆਂ ਤੇ ਆਮ ਦੇਖੇ ਜਾ ਸਕਦੇ ਹਨ। ਸਚਮੁੱਚ ਜੇ ਅਜਿਹੀਆਂ ਥਾਵਾਂ ਤੇ ਕੋਈ ਨਾ ਰੁਕੇ ਤੇ ਤੇਜੀ ਨਾਲ ਜਾਵੇ ਤਾਂ ਉਸ ਨੂੰ ਮੁਸ਼ਕਿਲਾਂ ਆ ਸਕਦੀਆਂ ਹਨ।

ਗੁਰਬਾਣੀ ਪੜ੍ਹਦਿਆਂ ਵੀ ਸਾਨੂੰ ਰੁਕਣ ਦੀਆਂ ਹਦਾਇਤਾਂ ਮਿਲਦੀਆਂ ਹਨ। ਪੰਜਾਬੀ ਭਾਸ਼ਾ ਵਿੱਚ ਵਾਕ ਦੀ ਸਮਾਪਤੀ ਪਿੱਛੋਂ ਇੱਕ ਡੰਡੀ (।) ਲੱਗੀ ਹੁੰਦੀ ਹੈ ਜਿਸ ਨੂੰ ਪੂਰਨ ਵਿਸ਼ਰਾਮ ਕਹਿੰਦੇ ਹਨ। ਭਾਵ ਵਾਕ ਖਤਮ, ਰੁਕੋ ਤੇ ਫਿਰ ਅਗਲਾ ਵਾਕ ਪੜੋ।

ਪਰ ਗੁਰਬਾਣੀ ਦੀ ਤਾਂ ਕਮਾਲ ਹੀ ਹੈ ਕਿ ਹਰ ਫੁਰਮਾਨ ਪਿੱਛੋਂ ਦੋ ਡੰਡੀਆਂ (॥) ਲੱਗੀਆਂ ਹਨ। ਇਸ ਦਾ ਭਾਵ ਤਾਂ ਇਹੀ ਲਿਆ ਜਾ ਸਕਦੈ ਕਿ ਆਮ ਨਾਲੋਂ ਵੀ ਵੱਧ ਰੁਕੋ, ਸੋਚੋ ਫਿਰ ਅੱਗੋਂ ਪੜ੍ਹੋ। ਪਰ ਅਸੀਂ ਇਹਨਾਂ ਚਿੰਨ੍ਹਾਂ ਨੂੰ ਸਮਝਦੇ ਹੀ ਨਹੀਂ ਤੇ ਤੇਜ਼ੀ ਨਾਲ ਪਾਠ ਪੜ੍ਹੀ ਜਾਂਦੇ ਹਾਂ।

ਸਾਨੂੰ ਸਭਨਾਂ ਨੂੰ ਕਮਰਕੱਸੇ ਕਰਕੇ ਇਹ ਪ੍ਰਚਾਰ ਕਰਨਾ ਚਾਹੀਦੈ ਕਿ ਬਿਸਰਾਮ (॥) ਨੂੰ ਪੜ੍ਹੀਏ। ਭਾਵ ਵਿਸ਼ਰਾਮ (॥) ਆਏ ਤਾਂ ਜ਼ਰੂਰ ਰੁਕੀਏ, ਸੋਚੀਏ ਤੇ ਫਿਰ ਚੱਲੀਏ।

ਇੰਝ ਗੁਰਬਾਣੀ ਵਿਚਾਰ ਦੀ ਲਹਿਰ ਪ੍ਰਫੁੱਲਿਤ ਹੋਵੇਗੀ । ਇੱਕ ਨਾਅਰਾ ਸਦਾ ਯਾਦ ਰੱਖੀਏ :-

**ਮੂੰਹ ਬਾਣੀ ਪੜ੍ਹੇ**
**ਮਨ ਅਰਥ ਵੀਚਾਰੇ**

ਭਾਵ ਜਿਵੇਂ ਜਿਵੇਂ ਮੂੰਹ ਬਾਣੀ ਪੜ੍ਹਦਾ ਹੋਵੇ, ਤਿਵੇਂ ਤਿਵੇਂ ਮਨ ਵਿੱਚ ਅਰਥਾਂ ਦੀ ਵਿਚਾਰ ਚੱਲਦੀ ਰਹੇ।





੮

## ਸੋ ਦਰੁ ਅਭਿਆਸ

ਆਓ ਬੜੇ ਪਿਆਰ ਨਾਲ, ਰੰਗ ਵਿੱਚ ਰਤੇ, ਬਾਰੰਬਾਰ ਬੋਲ-ਬੋਲ ਕੇ, ਮੁਸਕਰਾ ਕੇ, ਹੱਸ ਕੇ ਪੜ੍ਹੀਏ ਤੇ ਅਨੁਭਵ ਕਰੀਏ :

1. ਤੇਰੀ ਮਦਦ ਤੋਂ ਬਿਨਾਂ ਸਫ਼ਲਤਾ ਨਹੀਂ ਮਿਲਦੀ – **ਤੁਧੁ ਵਿਣੁ ਸਿਧੀ ਕਿਨੈ ਨ ਪਾਈਆ॥**
2. ਤੇਰੀ ਬਖ਼ਸ਼ਿਸ਼ ਮਿਲੇ ਤਾਂ ਰਾਹ ਵਿੱਚ ਕੋਈ ਰੋਕ ਨਹੀਂ – **ਕਰਮਿ ਮਿਲੈ ਨਾਹੀ ਠਾਕਿ ਰਹਾਈਆ॥**
3. ਨਾਮ ਸਿਮਰਦਾ ਹਾਂ ਤਾਂ ਜੀਉ ਪੈਂਦਾ ਹਾਂ - **ਆਖਾ ਜੀਵਾ**
4. ਨਾਮ ਭੁੱਲਦਾ ਹਾਂ ਤਾਂ ਆਤਮਿਕ ਮੌਤ ਮਰ ਜਾਂਦਾ ਹਾਂ – **ਵਿਸਰੈ ਮਰਿ ਜਾਉ॥**
5. ਪ੍ਰਭੂ ਜੀ, ਦਇਆ ਕਰੋ, ਤਰਸ ਕਰੋ, ਮੇਰੇ ਅੰਦਰ ਨਾਮ ਦਾ ਚਾਨਣ ਬਖਸ਼ੋ। – **ਕਰਿ ਦਇਆ ਨਾਮ ਪਰਗਾਸਿ॥**
6. ਜਿਸ ਨੂੰ ਸਤਸੰਗਤਿ ਮਿਲ ਜਾਂਦੀ ਹੈ ਉਹ ਬਚ ਜਾਂਦੇ ਹਨ – **ਸਤਸੰਗਤਿ ਮਿਲੇ ਸੁ ਤਰਿਆ॥**
7. ਜੋ ਤੈਨੂੰ ਭਾਉਂਦਾ ਹੈ, ਉਹੀ ਹੁੰਦਾ ਹੈ – **ਜੋ ਤਉ ਭਾਵੈ ਸੋਈ ਥੀਸੀ**
8. ਜੋ ਤੂੰ ਦੇਂਦਾ ਹੈ, ਮੈਨੂੰ ਉਹੀ ਮਿਲਦਾ ਹੈ – **ਜੋ ਤੂ ਦੇਹਿ ਸੋਈ ਹਉ ਪਾਈ॥**
9. ਪਰਮਾਤਮਾ ਨੂੰ ਵਿਸਾਰਨ ਨਾਲ ਗੁਣ ਘਟ ਜਾਂਦੇ ਹਨ – **ਹਰਿ ਬਿਸਰਤ ਤੇਰੇ ਗੁਣ ਗਲਿਆ॥**
10. ਸੰਸਾਰ ਸਮੁੰਦਰ ਨੂੰ ਪਾਰ ਕਰਨ ਦੇ ਆਹਰ ਵਿੱਚ ਲੱਗੀਏ – **ਸਰੰਜਾਮਿ**

**ਲਾਗਿ ਭਵਜਲਿ ਤਰਨ ਕੈ॥**

11. ਨਾਮ ਮਿਲਦਾ ਹੈ ਤਾਂ ਮੇਰੇ ਅੰਦਰ ਆਤਮਿਕ ਜੀਵਨ ਪੈਦਾ ਹੋ ਜਾਂਦਾ ਹੈ, ਤਨ-ਮਨ ਖਿੜ ਜਾਂਦਾ ਹੈ – **ਨਾਨਕ ਨਾਮ ਮਿਲੈ ਤ ਜੀਵਾਂ ਤਨੁ ਮਨ ਥੀਵੈ ਹਰਿਆ॥**





# ੯

### ਰਹਰਾਸਿ ਸ਼ਬਦਾਵਲੀ

## ਰੋਜ਼ਾਨਾਂ ਬੋਲਚਾਲ ਦੀ ਸ਼ਬਦਾਵਲੀ ਬਣੇ...

ਜਦੋਂ ਪਾਤਸ਼ਾਹਾਂ ਨੇ ਬਾਣੀ ਰਚੀ ਤਾਂ ਉਸ ਵੇਲੇ ਦੇ ਪ੍ਰਚੱਲਿਤ ਸ਼ਬਦਾਂ ਦੀ ਵਰਤੋਂ ਕੀਤੀ। ਹੌਲੀ-ਹੌਲੀ ਇਹ ਸ਼ਬਦ ਸਾਡੀ ਰੋਜ਼ਾਨਾਂ ਬੋਲਚਾਲ ਵਿੱਚੋਂ ਨਿੱਕਲ ਗਏ ਹਨ। ਅੱਜ ਇਹਨਾਂ ਸ਼ਬਦਾਂ ਨੂੰ ਸਮਝਣ ਲਈ ਸਾਨੂੰ ਡਿਕਸ਼ਨਰੀ ਜਾਂ ਟੀਕੇ, ਸਟੀਕ ਵੇਖਣ ਦੀ ਲੋੜ ਪੈਂਦੀ ਹੈ। ਇੱਕ ਵੀਚਾਰ ਹੈ;

ਜੇਕਰ ਗੁਰਬਾਣੀ ਵਿਚਲੇ ਅਜਿਹੇ ਸ਼ਬਦ ਜਿਹੜੇ ਕਿਸੇ ਸਮੇਂ ਸਾਡੀ ਆਮ ਬੋਲਚਾਲ ਦਾ ਹਿੱਸਾ ਸਨ ਅੱਜ ਅਸੀਂ ਇਹਨਾਂ ਸ਼ਬਦਾਂ ਨੂੰ ਦੁਬਾਰਾ ਵਰਤਣਾ ਆਰੰਭ ਕਰ ਦੇਈਏ ਤਾਂ ਯਕੀਨਨ ਸਾਨੂੰ ਬਾਣੀ ਦੇ ਅਰਥ ਸਹਿਜੇ ਹੀ ਸ਼ਪੱਸ਼ਟ ਹੋਣੇ ਸ਼ੁਰੂ ਹੋ ਜਾਣਗੇ।

ਆਓ, ਸ਼ਬਦਾਂ ਦੀ ਸੂਚੀ ਵਿੱਚੋਂ ਵੇਖੀਏ ਕਿ ਇਹਨਾਂ ਨੂੰ ਅਸੀਂ ਆਮ ਬੋਲਚਾਲ ਵਿੱਚ ਕਿਵੇਂ ਵਰਤ ਸਕਦੇ ਹਾਂ।

1. ਪਰਮਾਤਮਾ ਦਾ **ਕਰਮ** (ਬਖਸ਼ਿਸ਼) ਹੋਵੇ ਤਾਂ ਸਾਡੇ ਰਾਹ ਵਿੱਚ ਕੋਈ ਵੀ **ਠਾਕ** (ਰੋਕ) ਨਹੀਂ ਪਾ ਸਕਦਾ।
2. ਮੈਂ ਡਿੱਗ ਪਇਆ ਤੇ ਇੱਕ ਵੀ **ਪਗ** (ਪੈਰ) ਨਹੀਂ ਚੱਲ ਸਕਿਆ।
3. ਗੁਰਪ੍ਰੀਤ ਸਿੰਘ ਨੂੰ **ਤਿਲ** (ਥੋੜੀ) ਮਾਤਰ ਵੀ ਚਿੰਤਾ ਨਹੀਂ।
4. ਭਜਨ ਲਾਲ ਤਾਂ **ਕਮਜਾਤਿ** (ਨੀਵੀਂ ਜਾਤ) ਹੈ, ਕਦੇ ਨਹੀਂ ਰੱਬ ਦੇ ਦਰ ਤੇ ਬਹੁੜਿਆ।
5. **ਕਾਹੇ** ਫਿਕਰਾਂ ਕਰਦੇ ਹੋ, ਪ੍ਰਭੂ ਜੋ ਕਰੇਗਾ, ਭਲੀ ਹੀ ਕਰੇਗਾ।
6. ਉਹ ਤਾਂ ਬੜਾ ਅਮੀਰ ਹੈ, ਉਸ ਕੋਲ ਤਾਂ ਬੜਾ ਹੀ **ਰਿਜਕ** (ਖਾਣ ਪੀਣ) ਹੈ।

7. ਕਿੰਨਾ ਸੋਹਣਾ ਦ੍ਰਿਸ਼ ਸੀ, ਮੈਂ **ਵਖਾਣ** (ਬਿਆਨ) ਨਹੀਂ ਕਰ ਸਕਦਾ।
8. ਪਹਿਲਾਂ ਮੈਨੂੰ ਕੋਈ ਵੀ ਨਵਾਂ ਕੰਮ ਕਰਨ ਲੱਗਿਆਂ ਬੜਾ **ਤ੍ਰਾਸ** (ਡਰ) ਆਉਂਦਾ ਸੀ, ਪਰ ਹੁਣ ਨਹੀਂ।
9. **ਪਾਹਨ** (ਪੱਥਰ) ਨੂੰ ਪਰਮਾਤਮਾ ਕਹਿਣਾ ਯੋਗ ਨਹੀਂ।
10. ਸ਼ਬਦ ਗੁਰੂ ਤੋਂ ਬਿਨਾਂ ਤਾਂ ਆਪਣੇ ਕੋਲ ਹੋਰ ਕੋਈ **ਠੌਰ** (ਟਿਕਾਣਾ) ਨਹੀਂ।





# ੧੦

## 'ਰਹਰਾਸਿ'
## ਰਤਨ, ਜਵਾਹਰ, ਮਾਣਿਕ

ਹੇਠਾਂ ਰਹਰਾਸਿ ਸਾਹਿਬ ਵਿੱਚੋਂ ਮਨ ਨੂੰ ਟੁੰਬਦੇ ਅਤੇ ਗੁਰਮਤਿ ਵਿਚਾਰਧਾਰਾ ਦੀ ਵਿਆਖਿਆ ਕਰਦੇ ਹੋਏ ਕੁੱਝ ਰਤਨ-ਜਵਾਹਰ-ਮਾਣਿਕ ਦਰਜ ਹਨ। ਵੱਡੇ ਵਿਦਿਆਰਥੀ ਸਹਿਜੇ ਹੀ ਇਹਨਾਂ ਦੇ ਅਰਥ ਸਮਝ ਕੇ ਅਨੰਦ ਮਾਣ ਸਕਦੇ ਹਨ। ਕੁੱਝ ਸ਼ਬਦਾਂ ਨੂੰ ਵੱਡੇ ਅੱਖਰਾਂ ਵਿੱਚ ਵੀ ਦਰਜ ਕੀਤਾ ਜਾ ਰਿਹਾ ਹੈ-ਇੰਝ ਇਹ ਸਦਾ ਲਈ ਸਾਡੀ ਯਾਦ ਵਿੱਚ ਉੱਕਰੇ ਜਾਣਗੇ।

1. ਸਾਹਿਬ ਸਾਚਾ
2. ਸਾਚੀ ਨਾਈ
3. ਜਾਇ ਨ ਜਾਸੀ
4. ਰਹਣੁ ਰਜਾਈ
5. **ਗਹਿਰ ਗੰਭੀਰਾ**
6. **ਗੁਣੀ ਗਹੀਰਾ**
7. **ਤਿਲੁ ਵਡਿਆਈ**
8. ਤੁਧੁ ਵਿਣੁ
9. ਕਰਮਿ ਮਿਲੈ
10. ਤਿਸੈ ਕਿਆ ਚਾਰਾ
11. **ਆਖਾ ਜੀਵਾ**
12. ਵਿਸਰੈ ਮਰਿ ਜਾਉ

13. ਉਤੁ ਭੂਖੈ
14. ਚਲੀਅਹਿ ਦੂਖ
15. ਵਡਾ ਨ ਹੋਵੈ
16. ਘਾਟਿ ਨ ਜਾਇ
17. ਦੇਦਾ ਰਹੈ
18. ਨਾ ਕੋ ਹੋਆ
19. ਨਾ ਕੋ ਹੋਇ
20. **ਨਾਵੈ ਬਾਝੁ ਸਨਾਤਿ**
21. ਬਿਨਉ ਕਰਉ
22. ਹਮ ਕੀਰੇ ਕਿਰਮ
23. ਕਰਿ ਦਇਆ
24. ਨਾਮੁ ਪਰਗਾਸਿ
25. **ਮਿਲਿ ਸੰਗਤਿ ਗੁਣ ਪਰਗਾਸਿ**
26. ਹਰਿਰਸੁ ਪਾਇਆ
27. ਸਤਸੰਗਤਿ ਮਿਲੇ
28. **ਪਰਮ ਪਦੁ** ਪਾਇਆ
29. ਸੂਕੇ ਕਾਸਟ ਹਰਿਆ
30. **ਰਿਜਕੁ ਸੰਬਾਹੇ ਠਾਕੁਰੁ**
31. ਕਾਹੇ ਮਨ ਭਉ ਕਰਿਆ
32. ਠਾਕੁਰ ਕਰ ਤਲ ਧਰਿਆ
33. ਸਭਿ ਦੂਖ ਵਿਸਾਰਣਹਾਰਾ
34. ਚੋਜ ਵਿਡਾਣਾ
35. ਤਿਨ ਕੁਰਬਾਣਾ





36. ਭਉ ਸਭੁ ਗਵਾਸੀ
37. ਤਿਨ ਬਲਿ ਜਾਸੀ
38. ਤੁਧੁ ਆਪੇ ਭਾਵੈ ਸੋਈ ਵਰਤੈ ਜੀ
39. ਗੁਣ ਗਾਵੈ ਕਰਤੇ ਕੇ ਜੀ
40. ਜੋ ਤਉ ਭਾਵੈ ਸੋਈ ਥੀਸੀ
41. ਜੋ ਤੂ ਦੇਹਿ ਸੋਈ ਹਉ ਪਾਈ
42. ਤਿਨ ਨਾਮ ਰਤਨੁ ਪਾਇਆ
43. ਜਿਸ ਨੋ **ਤੂ ਜਾਣਾਇਹਿ**
44. ਸੋਈ ਜਨੁ ਜਾਣੈ
45. **ਸਦ ਹੀ ਆਖਿ ਵਖਾਣੈ**
46. ਤਿਨਿ ਸੁਖੁ ਪਾਇਆ
47. ਏਕੁ ਨ ਚੇਤਸਿ ਮੂੜ ਮਨਾ
48. ਤੇਰੇ ਗੁਣ ਗਲਿਆ
49. ਜਿਨ ਤੂ ਨਾਹੀ ਵੀਸਰਿਆ
50. **ਜਨਮ ਬ੍ਰਿਥਾ ਜਾਤ**
51. ਤ੍ਰਾਸ ਨਿਵਰਿਐ
52. ਕਿਹ ਬਿਧਿ ਸਜਾ
53. ਟਰੇਂ ਤਤਕਾਲਾ
54. ਤਨਕ ਮੋ ਹਰਿ ਹੋ
55. ਛ੍ਵੈ ਸਕੈ ਨ ਕੋਈ
56. ਮੈ ਸਰਣਿ ਤਿਹਾਰੀ
57. ਲੇਹੁ ਉਬਾਰੀ
58. ਮੋ ਹੋਹੁ ਸਹਾਈ

59. **ਅਨੇਕ ਕਹੈਂ ਮਤ**
60. **ਗਹਿਓ ਤੁਹਾਰੋ ਦੁਆਰ**
61. ਸਹਜ ਸੇਤੀ
62. ਮਨ ਵਜੀਆ ਵਾਧਾਈਆ
63. **ਅੰਗੀਕਾਰ ਓਹੁ ਕਰੇ**
64. ਜਿਸੁ ਦੇਹਿ ਸੁ ਪਾਵਏ
65. ਸਬਦ ਘਨੇਰੇ
66. **ਸਬਦਿ ਧਰਹੁ ਪਿਆਰੋ**
67. ਘਰਿ ਸਭਾਗੈ
68. **ਸਿ ਨਾਮਿ ਹਰਿ ਕੈ ਲਾਗੇ**
69. ਅਨਹਦ ਵਾਜੇ
70. ਉਤਰੇ ਸਗਲ ਵਿਸੂਰੇ
71. ਸੁਣੀ ਸਚੀ ਬਾਣੀ
72. ਨਿਤ ਨਿਤ ਰਖੁ
73. ਤਮ ਸੰਸਾਰੁ
74. ਚਰਨ ਲਗਿ ਤਰੀਐ
75. ਮੈਨੋ ਜੋਗੁ ਕੀਤੋਈ
76. ਕੋ ਗੁਣੁ ਨਾਹੀ
77. ਆਪੇ ਤਰਸੁ ਪਇਓਈ
78. ਤਨੁ ਮਨੁ ਥੀਵੈ ਹਰਿਆ





# ੧੧ ਸੌਣ ਲੱਗਿਆਂ...

## ਸੋਹਿਲਾ ਅਤੇ ਸਿਹਤ

ਸੱਤਵੀਂ ਅਤੇ ਅੱਠਵੀਂ ਜਮਾਤ ਵਿੱਚ ਪੜ੍ਹਦਿਆਂ ਇੱਕ ਦਿਨ ਮਨੋਵਿਗਿਆਨ ਦੀ ਇੱਕ ਪੁਸਤਕ ਪੜ੍ਹਨ ਦਾ ਮੌਕਾ ਮਿਲਿਆ। ਉਸ ਮਨੋਵਿਗਿਆਨਕ ਅਨੁਸਾਰ "ਜੋ ਬੰਦਾ ਰਾਤ ਨੂੰ ਗੂੜ੍ਹੀ ਤੇ ਚੰਗੀ ਨੀਂਦਰੇ ਸੌਂਦਾ ਹੈ, ਉਸਦੀ ਸਿਹਤ ਚੰਗੀ ਰਹਿੰਦੀ ਹੈ ਤੇ ਸਾਰਾ ਦਿਨ ਚੁਸਤੀ ਨਾਲ ਕੰਮ ਕਰ ਸਕਦਾ ਹੈ। ਚੰਗੀ ਨੀਂਦਰੇਂ ਸੌਣ ਲਈ ਇਹ ਜਰੂਰੀ ਹੈ ਕਿ ਸੁਪਨੇ ਨਾ ਆਉਣ ਜਾਂ ਫਿਰ ਚੰਗੇ ਸੁਪਨੇ ਹੀ ਆਉਣ। ਚੰਗੇ ਸੁਪਨੇ ਕਿਵੇਂ ਆਉਣ ? ਉਸ ਮਾਹਿਰ ਅਨੁਸਾਰ ਸੌਣ ਤੋਂ ਪਹਿਲਾਂ ਕੋਈ ਚੰਗੀ ਕਿਤਾਬ ਪੜ੍ਹ ਲੈਣੀ ਕਈ ਵਾਰੀ ਲਾਹੇਵੰਦ ਸਾਬਤ ਹੁੰਦੀ ਹੈ।"

ਮੈਂ ਇਹਨਾਂ ਗੱਲਾਂ ਤੋਂ ਬੜਾ ਪ੍ਰਭਾਵਿਤ ਹੋਇਆ ਤੇ ਚੰਗੀਆਂ ਕਿਤਾਬਾਂ ਦੀ ਖੋਜ ਕਰਨੀ ਸ਼ੁਰੂ ਕਰ ਦਿੱਤੀ ਜੋ ਕਿ ਮੈਂ ਸੌਣ ਲੱਗਿਆਂ ਪੜ੍ਹ ਸਕਾਂ। ਕੁੱਝ ਰਾਤਾਂ ਕੁੱਝ ਕਿਤਾਬਾਂ ਨਾਲ ਲੰਘ ਗਈਆਂ। ਇੱਕ ਦਿਨ ਆਪਣੀ ਲਾਇਬ੍ਰੇਰੀ ਫਰੋਲਦਿਆਂ-ਫਰੋਲਦਿਆਂ ਮੈਨੂੰ ਸ੍ਰੀ ਅਕਾਲ ਤਖ਼ਤ ਸਾਹਿਬ ਵੱਲੋਂ ਛਪੀ ਪੁਸਤਿਕਾ 'ਸਿੱਖ ਰਹਿਤ ਮਰਯਾਦਾ' ਮਿਲ ਗਈ। ਉਸ ਵਿੱਚ ਇੱਕ ਥਾਂ ਲਿਖਿਆ ਹੋਇਆ ਸੀ ਕਿ ਰਾਤ ਨੂੰ ਸੌਣ ਵੇਲੇ ਸਿੱਖ ਨੂੰ 'ਸੋਹਿਲਾ' ਬਾਣੀ ਦਾ ਪਾਠ ਕਰਨਾ ਚਾਹੀਦਾ ਹੈ।

ਇਹ ਪੜ੍ਹਦੇ ਹੀ ਮੈਨੂੰ ਮਨੋਵਿਗਿਆਨ ਦੀ ਕਿਤਾਬ ਵਿੱਚ ਲਿਖੀ ਗੱਲ ਚੇਤੇ ਆ ਗਈ ਤੇ ਮੈਂ ਸੋਚਿਆ ਜੋ ਸਿੱਖ ਰਾਤ ਨੂੰ ਸੌਣ ਲੱਗਿਆਂ 'ਸੋਹਿਲਾ' ਬਾਣੀ ਦਾ ਪਾਠ ਮਨ ਲਗਾ ਕੇ ਅਰਥ ਸਮਝ-ਸਮਝ ਕੇ ਕਰੇਗਾ, ਉਸ ਨੂੰ ਚੰਗੀ ਨੀਂਦਰ

ਆਵੇਗੀ। ਚੰਗੀ ਨੀਂਦ ਵਾਲੇ ਬੰਦੇ ਦੀ ਸਿਹਤ ਵੀ ਚੰਗੀ ਹੀ ਹੋਵੇਗੀ। ਜਦ ਇਹ ਗੱਲ ਮੈਨੂੰ ਸਮਝ ਪਈ ਤਾਂ ਮੈਂ ਕਿਤਾਬਾਂ ਦੀ ਖੋਜ ਕਰਨੀ ਛੱਡ ਕੇ ਸੋਹਿਲਾ ਬਾਣੀ ਕੰਠ ਕੀਤੀ ਤੇ ਹੌਲੀ-ਹੌਲੀ ਇਸ ਦੇ ਅਰਥ ਵੀ ਯਾਦ ਕਰ ਲਏ।

ਸੱਚਮੁੱਚ ਜੋ ਸਿੱਖ ਰਾਤ ਨੂੰ ਸੌਣ ਲੱਗਿਆਂ 'ਸੋਹਿਲਾ' ਬਾਣੀ ਦਾ ਪਾਠ ਕਰਦੇ ਹਨ, ਉਹ ਚੰਗੀ ਨੀਂਦਰ ਸੌਂਦੇ ਹਨ ਤੇ ਫਿਰ ਉਨ੍ਹਾਂ ਵਿੱਚ ਅਗਲੇ ਦਿਨ ਨਵੀਂ ਚੁਸਤੀ ਤੇ ਨਵਾਂ ਉਤਸ਼ਾਹ ਭਰਿਆ ਹੁੰਦਾ ਹੈ। ਪੁਰਾਤਨ ਸਿੱਖਾਂ ਦੀ ਚੰਗੀ ਸਿਹਤ ਦਾ ਇੱਕ ਰਾਜ਼ ਇਹ ਵੀ ਹੋ ਸਕਦਾ ਹੈ ਕਿ ਉਹ ਬਾਣੀ ਵਿੱਚ ਦ੍ਰਿੜ ਸਨ ਤੇ ਆਪਣਾ ਨਿਤਨੇਮ ਇਕਾਗਰ ਚਿੱਤ ਹੋ ਕੇ ਕਰਦੇ ਸਨ। ਇਸ ਤਰ੍ਹਾਂ ਉਨ੍ਹਾਂ ਦੇ ਮਨ ਸ਼ਾਂਤ ਤੇ ਚੜ੍ਹਦੀਆਂ ਕਲਾਂ ਵਿੱਚ ਰਹਿੰਦੇ ਸਨ।

ੳ





# ੧੨ ਆਖਾ ਜੀਵਾ

ਕੁੱਝ ਦਿਨ ਪਹਿਲਾਂ ਮੈਂ ਮਰ ਗਿਆ। ਸੱਚੀ ਜੀ। ਪਿਛਲੇ ਹਫਤੇ ਮੈਂ ਤਿੰਨ ਵਾਰੀ ਮਰਿਆ। ਕੁੱਝ ਸਾਲ ਪਹਿਲਾਂ ਮੈਂ ਹਰ ਮਹੀਨੇ 10-15-20 ਵਾਰੀ ਮਰ ਜਾਂਦਾ ਸੀ।

ਹੈਰਾਨ ਨਾ ਹੋਵੋ ਜੀ, ਇਹ ਸਰੀਰਕ ਨਹੀਂ ਆਤਮਿਕ ਮੌਤ ਦੀ ਗੱਲ ਹੈ। ਅਸੀਂ ਜਦ ਵੀ ਪ੍ਰੇਸ਼ਾਨ ਹੁੰਦੇ ਹਾਂ, ਕੁੜਦੇ ਹਾਂ, ਕਰਿਝਦੇ ਹਾਂ, ਈਰਖਾ ਕਰਦੇ ਹਾਂ, ਕ੍ਰੋਧੀ ਹੁੰਦੇ ਹਾਂ... ਸਮਝੋ ਮਰ ਗਏ।

ਕਈ-ਕਈ ਵਾਰੀ ਰਾਤ ਬਿਸਤਰੇ ਤੇ ਲੇਟਦੇ ਹੀ ਨੀਂਦ ਆ ਜਾਂਦੀ ਹੈ ਪਰ ਅਨੇਕਾਂ ਵਾਰੀ ਨੀਂਦ ਹੀ ਨਹੀਂ ਆਂਦੀ। ਕਦੇ ਕਿਸੇ ਪਰੇਸ਼ਾਨੀ ਕਰਕੇ, ਕਦੇ ਚਿੰਤਾ ਕਰਕੇ, ਕਦੇ ਡਰ ਕਰਕੇ...। ਸਮਝੋ ਅਜਿਹੀਆਂ ਰਾਤਾਂ ਅਸੀਂ ਮਰ ਗਏ।

ਕਈ-ਕਈ ਵਾਰੀ ਦਿਨੇ ਉੱਠਦੇ ਹੀ ਚਾਵਾਂ ਨਾਲ ਭਰੇ ਹੁੰਦੇ ਹਾਂ, ਅਨੰਦ ਹੁੰਦਾ ਹੈ, ਸਹਿਜ ਹੁੰਦਾ ਹੈ, ਪਰ ਅਨੇਕਾਂ ਵਾਰੀ ਦੁਖੀ ਹਿਰਦੇ ਨਾਲ, ਭਰੇ ਹੋਏ ਮਨ ਨਾਲ ਉਠਦੇ ਹਾਂ। ਉਸ ਨਵੇਂ ਦਿਨ ਲਈ ਕੋਈ ਨਵਾਂ ਚਾਅ ਹੀ ਨਹੀਂ ਹੁੰਦਾ। ਸਮਝੋ ਅਜਿਹੇ ਦਿਨ ਅਸੀਂ ਮਰੇ ਰਹੇ।

pwqSwh bwxI ivc kmwl hI PurmwauNdy hn[ **(ਆਖਾ ਜੀਵਾ)**। ਜੇ ਮੈਂ ਨਾਮ ਜਪਾਂ ਤਾਂ ਮੇਰੇ ਅੰਦਰ ਆਤਮਕ ਅਨੰਦ ਬਣਦਾ ਹੈ, ਖੇੜਾ ਬਣਦਾ ਹੈ। ਪਰ ਜਦੋਂ ਨਾਮ ਭੁੱਲ ਜਾਂਦਾ ਹੈ **(ਵਿਸਰੈ)** ਤਾਂ ਸਮਝੋ ਮਰ ਹੀ ਜਾਈਦਾ ਹੈ **(ਮਰਿ ਜਾਉ॥)**।

**'ਜੋ ਸਿਮਰੈ ਸੋ ਜੀਵੈ'** - ਜੇ ਅੱਠੇ ਪਹਰ ਨਾਮ ਵਿੱਚ ਸੁਰਤ ਜੁੜੀ ਰਹੇ ਤਾਂ ਸਮਝੋ ਜੀਉਂਦੇ ਹਾਂ।

ਆਓ! ਆਪੋ ਆਪਣਾ ਜੀਉਣਾ ਵਧਾਈਏ ਤੇ ਮਰਨਾ ਘਟਾਈਏ। ਪੂਰਨ ਰੰਗ ਵਿੱਚ ਰਤੇ, ਰਸਕਿ ਰਸਕਿ ਜਪੀਏ - **ਆਖਾ ਜੀਵਾ...ਆਖਾ ਜੀਵਾ...ਆਖਾ ਜੀਵਾ...**।





# ੧੩

# ਨਾਮ ਪਰਗਾਸਿ

ਰਹਰਾਸਿ ਸਾਹਿਬ ਜੀ ਦੀ ਬਾਣੀ ਵਿੱਚ 'ਸੋ ਦਰੁ' ਸਿਰਲੇਖ ਹੇਠ ਚੌਥਾ ਸ਼ਬਦ ਹੈ:

**ਹਰਿ ਕੇ ਜਨ ਸਤਿਗੁਰ ਸਤਿਪੁਰਖਾ**
**ਬਿਨਉ ਕਰਉ ਗੁਰਿ ਪਾਸਿ॥**

ਇਸ ਸ਼ਬਦ ਵਿੱਚ ਗੁਰੂ ਸਾਹਿਬ 4 ਵਾਰੀ ਪਰਗਾਸਿ ਦੀ ਗੱਲ ਕਰਦੇ ਹਨ। ਤਿੰਨ ਵਾਰੀ 'ਨਾਮ ਪਰਗਾਸਿ' ਤੇ ਇੱਕ ਵਾਰੀ 'ਗੁਣ ਪਰਗਾਸਿ'। ਪਰਗਾਸਿ ਦਾ ਭਾਵ ਹੈ - ਪ੍ਰਗਟ ਹੋਣਾ, ਚਾਨਣ ਹੋਣਾ।

ਜੇ ਅਸੀਂ ਮਨ ਕਰਕੇ ਗੁਰ ਪਾਸ ਬਿਨਉ ਕਰੀਏ ਕਿ ਹੇ ਗੁਰੂ ਜੀ! - ਕਰਿ ਦਇਆ... ਸਾਡੇ ਤੇ ਦਇਆ ਕਰਕੇ ਸਾਡੇ ਅੰਦਰ 'ਨਾਮੁ ਪਰਗਾਸਿ' ਕਰ ਦਿਉ ਤਾਂ ਸਚਮੁੱਚ ਇਹ ਨਾਮ ਸਾਡੇ ਅੰਦਰੋਂ ਹੀ ਪਰਗਟ ਹੋ ਜਾਵੇਗਾ।

ਜਿਵੇਂ ਪਾਣੀ ਦਾ ਨਲਕਾ ਗੇੜੀਏ ਤੇ ਪਾਣੀ ਨਿਕਲਦਾ ਹੈ। ਜਦੋਂ ਨਾਹ ਨਿਕਲੇ ਤਾਂ ਸਿਆਣੇ ਉੱਤੋਂ ਥੋੜਾ ਜਿਹਾ ਪਾਣੀ ਪਾ ਦਿੰਦੇ ਹਨ - ਹੁਣ ਗੇੜੀਏ ਤੇ ਪਾਣੀ ਫਿਰ ਨਿਕਲ ਆਉਂਦਾ ਹੈ।

ਇਸੇ ਤਰ੍ਹਾਂ ਸਾਡੇ ਅੰਦਰ ਨਾਮ ਦਾ, ਗੁਣਾਂ ਦਾ ਖਜ਼ਾਨਾ ਹੈ... ਪਰ ਕੂੜ ਦੀ ਪਾਲਿ (ਕੰਧ, ਦੀਵਾਰ) ਕਰਕੇ ਇਹ ਖਜ਼ਾਨਾ ਸਾਨੂੰ ਮਿਲ ਨਹੀਂ ਰਿਹਾ । ਜੇ ਬਾਹਰੋਂ ਥੋੜਾ ਜਿਹਾ ਸਿਮਰਨ ਕਰੀਏ, ਲਿਵ ਜੋੜੀਏ ਤੇ ਨਾਮ ਦਾ ਬੇਅੰਤ ਖਜ਼ਾਨਾ ਅੰਦਰੋਂ ਹੀ ਪ੍ਰਗਟ ਹੋ ਜਾਵੇਗਾ।

ਰਹਰਾਸਿ ਦਾ ਇਹ ਸ਼ਬਦ ਪੜ੍ਹਦਿਆਂ - ਮਨ ਕਰਕੇ ਜੋਦੜੀਆਂ ਕਰੀਏ, ਪਾਤਸ਼ਾਹ ਜੀ ਜਰੂਰ ਤਰੁੱਠਣਗੇ, ਕਿਰਪਾ ਕਰਨਗੇ ਤੇ 'ਨਾਮ ਪਰਗਾਸਿ' ਹੋ ਜਾਵੇਗਾ ਜੀਓ।

## ੧੪

## ਨਾਹੀ ਠਾਕਿ ਰਹਾਈਆ

ਸਾਨੂੰ ਆਮ ਤੌਰ ਤੇ ਹਰ ਵੇਲੇ ਡਰ ਹੀ ਬਣਿਆ ਰਹਿੰਦਾ ਹੈ ਕਿ ਸਾਡੇ ਬਣਦੇ ਹੋਏ ਕਾਰਜ ਵਿੱਚ ਕੋਈ ਰੋਕ ਨਾ ਪਾ ਦੇਵੇ। ਕਿਸੇ ਨੂੰ ਦਸਣਾ ਨਹੀਂ, ਕਿਤੇ ਉਹ ਨਜ਼ਰ ਹੀ ਨਾ ਲਗਾ ਦੇਵੇ। ਕਿਤੇ ਉਹ ਗੱਲ ਉਡਾ ਹੀ ਨਾ ਦੇਵੇ ਜਿਸ ਨਾਲ ਬਣਦਾ ਬਣਦਾ ਕੰਮ ਹੀ ਰੁਕ ਜਾਵੇ।

'**ਠਾਕਿ**' ਦਾ ਭਾਵ ਹੈ '**ਰੋਕ**'। ਠਾਕਿ ਤੋਂ ਹੀ ਸ਼ਬਦ ਬਣਿਆ ਹੈ ਠਾਕਾ ਜਾਂ ਰੋਕਾ। ਪਰਮਾਤਮਾ ਬਖਸ਼ਿਸ਼ ਕਰਦਾ ਹੈ ਤਾਂ ਕਿਸੇ ਕੋਲੋਂ ਪੁੱਛ ਕੇ ਨਹੀਂ ਕਰਦਾ, ਨਾ ਹੀ ਕਿਸੇ ਨਾਲ ਸਲਾਹ ਕਰਦਾ ਹੈ ਤੇ ਨਾ ਹੀ ਕਿਸੇ ਦੇ ਰੋਕਣ ਨਾਲ ਬਖਸ਼ਿਸ਼ ਰੋਕਦਾ ਹੈ।

ਰਹਰਾਸਿ ਸਾਹਿਬ ਵਿੱਚ ਫੁਰਮਾਨ ਹੈ :

**ਕਰਮਿ ਮਿਲੈ ਨਾਹੀ ਠਾਕਿ ਰਹਾਈਆ॥**

'ਕਰਮ' ਭਾਵ ਬਖਸ਼ਿਸ਼। ਜਿਸ ਨੂੰ ਵੀ ਸਿੱਧੀ ਮਿਲਦੀ ਹੈ, ਤੇਰੀ ਬਖਸ਼ਿਸ਼ ਨਾਲ ਮਿਲਦੀ ਹੈ ਤੇ ਕੋਈ ਹੋਰ ਉਸ ਪ੍ਰਾਪਤੀ ਦੇ ਰਾਹ ਵਿੱਚ ਰੋਕ ਨਹੀਂ ਪਾ ਸਕਦਾ।

'ਜਪੁ ਜੀ ਸਾਹਿਬ' ਵਿੱਚ ਵੀ ਪਾਤਸ਼ਾਹ ਫੁਰਮਾਨ ਕਰਦੇ ਹਨ।

**ਮੰਨੈ ਮਾਰਗਿ ਠਾਕਿ ਨ ਪਾਇ॥**

ਭਾਵ ਜੇ ਕੋਈ ਨਾਮ ਨੂੰ ਮੰਨ ਲਵੇ ਤਾਂ ਉਸ ਦੇ ਰਾਹ ਵਿੱਚ ਕੋਈ ਵੀ ਰੋਕ ਨਹੀਂ ਪਾ ਸਕਦਾ।

ਵਾਹ ਜੀ ਵਾਹ, ਜੇ ਕਰਤੇ ਨਾਲ ਸਾਡੀ ਆੜੀ (ਦੋਸਤੀ) ਹੋਵੇ ਤਾਂ ਰਾਹ ਵਿੱਚ ਕੋਈ ਹੋਰ ਕਿਵੇਂ ਅੜਿੱਕਾ ਪਾ ਲਊ। ਪ੍ਰਭੂ ਨਾਲ ਪਿਆਰ ਪਾਈਏ, ਸਭੇ ਕਾਜ ਸੁਹੇਲੜੇ ਹੋ ਜਾਣਗੇ। ਕੋਈ ਅੜਿੱਕਾ ਨਹੀਂ, ਕੋਈ ਰੋਕ ਨਹੀਂ, ਕੋਈ ਠਾਕ ਨਹੀਂ।





## ੧੫

## ਚਿੰਤਾ ਨਹੀਂ ਕਰਨੀ...

ਰਹਰਾਸਿ ਸਾਹਿਬ ਜੀ ਦਾ ਪਾਠ ਪੜ੍ਹਣ, ਵੀਚਾਰਨ ਤੇ ਕਮਾਉਣ ਵਾਲਿਆਂ ਨੂੰ ਚਿੰਤਾ ਨਹੀਂ ਹੋ ਸਕਦੀ ਕਿਉਂਕਿ ਇਹ ਬਾਣੀ ਸਾਡਾ ਭਰੋਸਾ ਦ੍ਰਿੜ ਕਰਵਾਉਂਦੀ ਹੈ ਅਤੇ ਚਿੰਤਾ ਦੇ ਸਾਰੇ ਮੂਲ ਕਾਰਨ ਜੜ੍ਹੋਂ ਹੀ ਪੁੱਟ ਦਿੰਦੀ ਹੈ। ਇੱਕ ਵਾਰੀ ਇੱਕ ਵੀਰ ਨੇ ਮੈਨੂੰ ਰਾਹ ਵਿੱਚ ਤੁਰਦਿਆਂ - **ਕਾਹੇ ਰੇ ਮਨ ਚਿਤਵਹਿ ਉਦਮੁ...** ਸ਼ਬਦ ਦੇ ਅਰਥ ਸਮਝਾਏ। ਉਦੋਂ ਤੋਂ ਹੁਣ ਤੱਕ ਜਦ ਵੀ ਇਹ ਸ਼ਬਦ ਪੜ੍ਹਦਾ ਹਾਂ ਤੇ ਉਸ ਵੀਰ ਦੀ ਯਾਦ ਆਉਂਦੀ ਹੈ। ਭਰੋਸਾ ਵੀ ਦ੍ਰਿੜ ਹੁੰਦਾ ਹੈ, ਚਿੰਤਾ ਵੀ ਚੇਤੇ ਨਹੀਂ ਆਂਦੀ।

ਘੱਟੋ-ਘੱਟ 6 ਗੱਲਾਂ ਇਸ ਸ਼ਬਦ ਵਿੱਚ ਸਪੱਸ਼ਟ ਹਨ।

1. ਪ੍ਰਭੂ ਤੇਰੇ ਨਾਲ ਹੈ ਚਿੰਤਾ ਕਿਉਂ ਕਰਦਾ ਹੈਂ ?
2. ਤੇਰਾ ਰਿਜ਼ਕ, ਤੇਰੀ ਰੋਟੀ ਸੁਰੱਖਿਅਤ (secure) ਹੈ, ਕੋਈ ਹੋਰ ਨਹੀਂ ਲੈ ਸਕਦਾ। ਤੈਨੂੰ ਮਿਲਣੀ ਹੀ ਮਿਲਣੀ ਹੈ।
3. ਸਤਸੰਗਤਿ ਨਾਲ ਜੁੜ੍ਹ, ਬਚ ਜਾਏਂਗਾ।
4. ਗੁਰੂ ਦੇ ਪ੍ਰਸਾਦਿ, ਗੁਰੂ ਦੀ ਕਿਰਪਾ ਸਦਕਾ ਛੋਟਾ-ਮੋਟਾ ਨਹੀਂ ਸਗੋਂ ਪਰਮਪਦ, ਭਾਵ ਸਭ ਤੋਂ ਉੱਚੀ ਅਵਸਥਾ ਮਿਲ ਜਾਏਗੀ।
5. ਮਨੁੱਖ ਇਹਨਾਂ ਦੇ ਸਹਾਰੇ ਜੀਉਂਦਾ ਹੈ - ਮਾਤਾ, ਪਿਤਾ, ਲੋਕ, ਪੁੱਤਰ ਅਤੇ ਵਹੁਟੀ। ਗੁਰੂ ਜੀ ਸਮਝਾਉਂਦੇ ਹਨ - ਕਿ ਇਹਨਾਂ ਪੰਜਾਂ ਵਿੱਚੋਂ ਕੋਈ ਵੀ ਤੇਰਾ ਅਸਲ ਸਹਾਰਾ ਨਹੀਂ, ਆਸਰਾ ਨਹੀਂ - ਕੇਵਲ ਪ੍ਰਭੂ ਹੀ ਸੱਚਾ ਸਹਾਰਾ ਹੈ।
6. ਜੇ ਪ੍ਰਭੂ ਨਾਲ ਜੁੜ ਜਾਏਂਗਾ ਤਾਂ ਸਾਰੇ ਖਜ਼ਾਨੇਂ, ਸਿੱਧੀਆਂ, ਤੇਰੇ ਹੱਥਾਂ ਦੀਆਂ ਤਲੀਆਂ ਤੇ ਆ ਜਾਣਗੇ। ਭਾਵ ਸਹਜੇ ਹੀ ਮਿਲ ਜਾਣਗੇ।

ਆਓ! ਅਸੀਂ ਵੀ ਚਿੰਤਾ ਨਾ ਕਰੀਏ ਸਗੋਂ ਚਿੰਤਨ ਕਰੀਏ, ਚੇਤਾ ਕਰੀਏ, ਉੱਦਮ ਕਰੀਏ...

# ੧੯ ਕਮਜਾਤਿ - ਨੀਵੀਂ ਜਾਤਿ ਵਾਲੇ

ਮਨਜੀਤ ਸਿੰਘ ਨੇ ਆਪਣੇ ਨਾਂਅ ਮੁਤਾਬਕ ਮਨ ਨੂੰ ਸਚਮੁੱਚ ਹੀ ਜਿੱਤ ਲਿਆ ਸੀ। ਉਸ ਦੀ ਸ਼ਖਸ਼ੀਅਤ ਵਿੱਚੋਂ ਸਚਿਆਰੇ ਮਨੁੱਖ ਦਾ ਝਾਉਲਾ ਪੈਂਦਾ ਸੀ। ਉਹ ਹੁਣ ਮਨ ਦੀ ਫਾਹੀ ਵਿੱਚ ਨ ਫਸ ਕੇ, ਬਸ, ਗੁਰੂ ਦੀ ਮਤ ਅਨੁਸਾਰ ਹੀ ਜੀਵਨ ਜੀਉ ਰਿਹਾ ਸੀ ਤੇ ਹੈ ਵੀ ਐਨ ਚੜ੍ਹਦੀ ਕਲਾ ਵਿੱਚ ਸੀ। ਨਹੀਂ ਤਾਂ ਜਵਾਨੀ ਵਿੱਚ ਕਦਮ ਰੱਖਣ ਮਗਰੋਂ ਨੌਜਵਾਨ ਕੁਰਾਹੇ ਪੈ ਜਾਂਦੇ ਹਨ ਜਾਂ ਅਜੋਕੇ ਸਮੇਂ ਵਿੱਚ ਖਿੰਡੀਆਂ ਬਿਰਤੀਆਂ ਵੱਸ ਆਪਣਾ ਜੀਵਨ ਕਉਡੀ ਬਦਲੇ ਗਵਾ ਲੈਂਦੇ ਹਨ।

ਮਨਜੀਤ ਸਿੰਘ ਦੇ ਘਰ ਵਾਲੇ ਉਸ ਦਾ ਵਿਆਹ ਕਰਨ ਤੇ ਜ਼ੋਰ ਦੇ ਰਹੇ ਸਨ। ਚੰਗੀ ਪੜ੍ਹਾਈ ਕਰਕੇ ਹੁਣ ਉਹ ਕਾਲਜ ਵਿੱਚ ਪੜ੍ਹਾਉਣ ਵੀ ਲੱਗ ਪਿਆ ਸੀ। ਸੁਭਾਵਕ ਤੌਰ ਤੇ ਐਸ ਉਮਰੇ ਹਰ ਕੋਈ ਉਸ ਨਾਲ ਵਿਆਹ ਦੀ ਗੱਲ ਹੀ ਛੇੜਦਾ ਸੀ।

ਗੁਰਮਤਿ ਦੇ ਪ੍ਰਚਾਰ ਲਈ ਜਥੇਬੰਦੀ ਵੱਲੋਂ ਲੱਗੀ ਡਿਊਟੀ ਮੁਤਾਬਕ ਮਨਜੀਤ ਸਿੰਘ ਬਠਿੰਡੇ ਦੇ ਪਿੰਡਾਂ ਵਿੱਚ ਦੌਰੇ ਤੇ ਗਿਆ। ਇੱਕ ਸਮਾਗਮ ਮਗਰੋਂ ਇੱਕ ਬਜ਼ੁਰਗ ਨੇ ਮਨਜੀਤ ਸਿੰਘ ਨੂੰ ਥਾਪੜਾ ਦਿੱਤਾ ਤੇ ਪੁੱਛਣ ਲੱਗਾ।

ਕਾਕਾ ਤੇਰਾ ਨਾਮ ਕੀ ਹੈ ?

'ਮਨਜੀਤ ਸਿੰਘ', ਮਿੱਠੇ ਬੋਲਾਂ ਵਿੱਚ ਉਸ ਦਾ ਜਵਾਬ ਸੀ।

ਤੇਰੀ ਜਾਤ ਕੀ ਹੈ ?

ਮੇਰੀ ਜਾਤ 'ਸਿੰਘ' ਹੈ - ਮਨਜੀਤ ਸਿੰਘ ਨੇ ਵਿਸ਼ਵਾਸ ਨਾਲ ਜਵਾਬ ਦਿੱਤਾ।





ਬਜ਼ੁਰਗ ਹੱਸਣ ਲੱਗ ਪਿਆ 'ਕਾਕਾ ਇਹ ਤਾਂ ਸਭ ਦੀ ਜਾਤ ਹੈ। ਮੇਰਾ ਮਤਲਬ ਤੇਰੀ ਬਿਰਾਦਰੀ ਕਿਹੜੀ ਹੈ ? ਜਾਤ-ਗੋਤ ਕੀ ਹੈ ?' ਮਨਜੀਤ ਸਿੰਘ ਨੇ ਫਿਰ ਸੁਖਾਲੇ ਹੀ ਜਵਾਬ ਦਿੱਤਾ - 'ਬਾਪੂ ਜੀ, ਮੇਰੀ ਜਾਤ, ਬਿਰਾਦਰੀ ਬੱਸ 'ਸਿੰਘ' ਹੀ ਹੈ।'

ਬਜ਼ੁਰਗ ਨੇ ਐਸ ਵਾਰੀ ਆਪਣੇ ਸਵਾਲ ਨੂੰ ਹੋਰ ਸ਼ਪੱਸ਼ਟ ਕਰਦਿਆਂ ਕਿਹਾ 'ਬੇਟਾ, ਮੇਰਾ ਮਤਲਬ ਤੂੰ ਆਪਣੇ ਨਾਂਅ ਨਾਲ ਸਿੰਘ ਤੋਂ ਮਗਰੋਂ ਕੀ ਲਿਖਦਾ ਹੈਂ ? ਜੇ ਤੂੰ ਨਹੀਂ ਲਿਖਦਾ ਤਾਂ ਤੇਰੇ ਪਿਤਾ ਜੀ ਆਪਣੇ ਨਾਂਅ ਨਾਲ 'ਸਿੰਘ' ਮਗਰੋਂ ਕੀ ਲਿਖਦੇ ਹਨ ?'

ਸੁਆਲ ਕੁੱਝ ਗੰਭੀਰ ਲਹਿਜੇ ਵਿੱਚ ਸੀ ਤੇ ਮਨਜੀਤ ਸਿੰਘ ਨੇ ਜਵਾਬ ਵੀ ਗੰਭੀਰ ਹੋ ਦਿੱਤਾ। 'ਮੈਂ ਆਪਣੇ ਨਾਂਅ ਨਾਲ ਸਿੰਘ ਤੋਂ ਬਾਅਦ ਕੁੱਝ ਨਹੀਂ ਲਿਖਦਾ ਤੇ ਨਾ ਮੇਰੀ ਕੋਈ ਜ਼ਾਤ ਹੈ। ਹਾਂ ਮੇਰੇ ਪਿਤਾ ਜੀ ਪਹਿਲਾਂ ਲਿਖਦੇ ਸਨ ਪਰ ਹੁਣ ਉਹ ਵੀ ਲਿਖਣੋਂ ਹਟ ਗਏ ਹਨ।'

'ਚੱਲ ਕਾਕਾ ਜੇ ਨਹੀਂ ਲਿਖਦੇ ਤਾਂ ਨਾ ਸਹੀ, ਘੱਟੋ ਘੱਟ ਦਸ ਹੀ ਦੇ ਕਿ ਕੀ ਲਿਖਦੇ ਸਨ'

ਮਨਜੀਤ ਸਿੰਘ ਜੀ ਨੇ ਆਪਣੀ ਨਿਮਰਤਾ ਨਾ ਗਵਾਈ ਤੇ ਪਿਆਰ ਸਹਿਤ ਜੁਆਬ ਦਿੱਤਾ - 'ਬਾਬਾ ਜੀ, ਜਦ ਜਾਤ-ਪਾਤ ਛੱਡ ਹੀ ਦਿੱਤੀ ਹੈ ਫਿਰ ਉਸ ਨੂੰ ਬੋਲਣ ਦਾ ਕੀ ਲਾਭ ? ਜਿੰਨਾਂ ਮਰਜੀ ਕਹਿ ਲਵੋ ਹੁਣ ਜਾਤ ਛੱਡ ਹੀ ਦਿੱਤੀ ਹੈ ਸੋ...'

'ਕਾਕਾ, ਤੇਰਾ ਲੈਕਚਰ ਤਾਂ ਬੜਾ ਚੰਗਾ ਹੈ ਪਰ ਸਮਾਜ ਵਿੱਚੋਂ ਜਾਤ-ਪਾਤ ਨਹੀਂ ਕੱਢੀ ਜਾ ਸਕਦੀ। ਜਿੰਨਾਂ ਮਰਜੀ ਟਿੱਲ ਲਾ ਲਵੋ। ਇਹ ਨਹੀਂ ਨਿੱਕਲਣੀ। ਵੈਸੇ ਮੈਂ ਤੇਰੇ ਰਿਸ਼ਤੇ ਦੀ ਗੱਲ ਕਰਨੀ ਚਾਹੁੰਦਾ ਹਾਂ।' ਬਾਬੇ ਨੇ ਇੱਕੋ ਹੀ ਸਾਹ ਵਿੱਚ ਸਾਰੀ ਗੱਲ ਮੁਕਾ ਦਿੱਤੀ।

'ਬਾਬ ਜੀ ਐਓਂ ਕਹੋ ਨਾ' ਮਨਜੀਤ ਸਿੰਘ ਅਸਲ ਗੱਲ ਦੀ ਨਬਜ਼

ਪਛਾਣਦੇ ਹੋਏ ਕਹਿਣ ਲੱਗਾ, 'ਜੇ ਸਾਡੀ ਪੀੜ੍ਹੀ ਵਿੱਚ ਜਾਤ-ਪਾਤ ਨਾ ਮੁਕੇਗੀ ਤਾਂ ਘੱਟੋ-ਘੱਟ ਆਉਣ ਵਾਲੀ ਪੀੜ੍ਹੀ ਵਿੱਚ ਮੁਕ ਹੀ ਜਾਵੇਗੀ। ਵੈਸੇ ਵੀ ਆਸ਼ਾਵਾਦੀ ਸੋਚ ਰੱਖਾਂਗੇ ਤਾਂ ਹੀ ਅੱਗੇ ਵਧਾਂਗੇ। ਦੂਜੀ ਗੱਲ ਰਿਸ਼ਤੇ ਦੀ। ਜੇ ਕੋਈ ਜਾਤ ਪੁੱਛ ਕਿ ਰਿਸ਼ਤੇ ਲਈ ਕਹਿੰਦਾ ਹੈ ਸੋ ਤਾਂ ਮਨਜੂਰ ਨਹੀਂ।'

ਬਜ਼ੁਰਗ ਮਨ ਹੀ ਮਨ ਮਨਜੀਤ ਸਿੰਘ ਦੀ ਦਲੇਰੀ ਦੀ ਦਾਦ ਦੇ ਰਿਹਾ ਸੀ ਤੇ ਨਾਲ ਹੀ ਨਾਲ ਸੋਚ ਰਿਹਾ ਸੀ, 'ਮੈਂ ਵੀ ਜਾਤ ਲਿਖਣੀ ਤੇ ਜਾਤ ਪੁੱਛਣੀ ਛੱਡ ਹੀ ਦਿਆਂ ਤੇ ਜਾਤ-ਪਾਤ ਦੇ ਵਿਤਕਰੇ ਦੇ ਬਿਨਾਂ ਹੀ ਰਿਸ਼ਤੇ ਲੱਭਿਆ ਕਰਾਂ ਤਾਂ ਕਿੰਨਾ ਚੰਗਾ ਹੋਵੇ।'

ਗੁਰਬਾਣੀ ਤਾਂ ਸ਼ਪੱਸ਼ਟ ਹੁਕਮ ਕਰਦੀ ਹੈ – **ਜਾਣਹੁ ਜੋਤਿ ਨ ਪੂਛਹੁ ਜਾਤੀ॥**

ਭਾਵ ਕਿਸੇ ਦੇ ਚੰਗੇ ਕੰਮ ਵੇਖੋ ਪਰ ਕਿਸੇ ਦੀ ਜਾਤ ਨਾ ਪੁੱਛੋ।

ਇੱਕ ਗੁਰਸਿੱਖ ਵੀਰ ਆਪਣੇ ਬੱਚੇ ਲਈ ਆਏ ਰਿਸ਼ਤੇ ਨੂੰ ਠੁਕਰਾ ਕੇ ਕਹਿੰਦੇ ਕਿ ਲੜਕੀ ਵਾਲੇ ਨੀਵੀਂ ਜਾਤ ਦੇ ਹਨ। ਸਿਆਣੇ ਹੈਰਾਨ ਸਨ। ਤੁਸੀਂ ਤਾਂ ਗੁਰਸਿੱਖ ਹੋ। ਜਾਤਪਾਤ ਨੂੰ ਨਹੀਂ ਮੰਨਦੇ। ਫਿਰ ਇੰਝ ਕਿਉਂ ਕੀਤਾ?

ਉਹ ਵੀਰ ਕਹਿਣ ਲੱਗੇ – ਮੈਂ ਦੁਨਿਆਵੀ ਜਾਤ-ਪਾਤ ਦੀ ਗੱਲ ਨਹੀਂ ਕਰਦਾ। ਮੈਂ ਤਾਂ ਰਹਰਾਸਿ ਸਾਹਿਬ ਦੇ ਫੁਰਮਾਨ '**ਖਸਮੁ ਵਿਸਾਰਹਿ ਤੇ ਕਮਜਾਤਿ॥**' ਦੀ ਗੱਲ ਕਰਦਾ ਹਾਂ। ਜਿਸ ਘਰ ਵਿੱਚ ਪ੍ਰਭੂ ਲਈ ਪਿਆਰ ਨਹੀਂ, ਸਿਮਰਨ ਨਹੀਂ, ਭਗਤੀ ਨਹੀਂ – ਉਹ ਘਰ ਵਾਲੇ ਨੀਵੀਂ ਜਾਤ ਵਾਲੇ ਹਨ।

ਸ਼ਾਬਾਸ਼ ਜੀ, ਸਰਦਾਰ ਸਾਹਿਬ ਜੀ।

ਆਓ, ਵੇਖੀਏ ਕਿਤੇ ਅਸੀਂ ਵੀ 'ਕਮਜਾਤਿ' ਤਾਂ ਨਹੀਂ।





# ੧੭ ਥਕਾਵਟ

ਅਸੀਂ ਸਾਰੇ ਥੱਕਦੇ ਹਾਂ, ਪਰ ਸਾਡੇ ਵਿੱਚੋਂ ਕਈ ਐਸੇ ਵੀ ਹਨ, ਜੋ ਹਰ ਵੇਲੇ ਹੀ ਥੱਕੇ ਰਹਿੰਦੇ ਹਨ। ਥੋੜ੍ਹਾ ਜਿਹਾ ਕੰਮ ਕਰਕੇ ਵੀ ਕਹਿੰਦੇ ਹਨ – ਅੱਜ ਮੈਂ ਥੱਕ ਗਿਆ ਹਾਂ। ਪਰ ਕੁੱਝ ਪਿਆਰੇ ਸੱਜਣ ਐਸੇ ਵੀ ਹਨ, ਜੋ ਕਦੇ-ਕਦਾਈਂ ਹੀ ਕਹਿੰਦੇ ਹਨ ਕਿ ਮੈਂ ਅੱਜ ਥੱਕ ਗਿਆ ਹਾਂ।

ਇੱਕ ਗੁਰਸਿੱਖ ਵੀਰ ਕਹਿੰਦੇ ਮੈਂ ਅੱਜ ਤੱਕ ਕਦੇ ਵੀ ਥਕਾਵਟ ਮਹਿਸੂਸ ਨਹੀਂ ਕੀਤੀ, ਜੋ ਕਹਿੰਦਾ ਹੈ ਕਿ ਮੈਂ ਥੱਕ ਗਿਆ ਹਾਂ ਉਹ ਵਧੇਰੇ ਥੱਕਦਾ ਹੈ। ਆਪ ਜੀ ਨੂੰ ਜੇ ਕੋਈ ਕਹੇ ਕਿ ਤੁਸੀਂ ਰਿਟਾਇਰ ਹੋ ਗਏ ਹੋ। ਤਾਂ ਕਹਿੰਦੇ "ਮੈਂ ਤਾਂ ਅੱਜ ਤੱਕ ਥੱਕਿਆ (tire) ਹੀ ਨਹੀਂ, ਤਾਂ ਫਿਰ ਰਿਟਾਇਰ (retire) ਕਿਵੇਂ ਹੋਵਾਂਗਾ।" ਗੁਰਸਿੱਖਾਂ ਦੀ ਚੜ੍ਹਦੀ ਕਲਾ ਐਸੀ ਹੁੰਦੀ ਹੈ.. ਕਾਸ਼ ਅਸੀਂ ਵੀ ਸਦਾ ਹਸੂੰ-ਹਸੂੰ ਅਤੇ ਚੜ੍ਹਦੀਆਂ ਕਲਾਂ ਦੇ ਸੁਭਾਅ ਵਾਲੇ ਬਣ ਜਾਈਏ, ਤਾਂ ਗੁਰਸਿੱਖੀ ਦੀ ਖੁਸ਼ਬੋ ਚਾਰੇ ਪਾਸੇ ਪਸਰ ਜਾਏਗੀ.. ਇੱਕ ਗੱਲ ਹੋਰ, ਕਿਸੇ ਨੇ ਠੀਕ ਹੀ ਕਿਹਾ ਹੈ ਕਿ:

It is not the work that tires, but it is the tension of work that tires. ਭਾਵ ਕੰਮ ਕਰਨ ਨਾਲ ਏਨੀ ਥਕਾਵਟ ਨਹੀਂ ਹੁੰਦੀ, ਜਿੰਨੀ ਕੰਮ ਦੀ ਚਿੰਤਾ ਨਾਲ ਹੁੰਦੀ ਹੈ।

# ੧੮

## ਗੁਰਬਾਣੀ ਪੜ੍ਹਣੀ ਅਤੇ ਅਖ਼ਬਾਰ ਪੜ੍ਹਣੀ

ਆਮ ਇਹ ਕਿਹਾ ਸੁਣਿਆ ਜਾਂਦਾ ਹੈ ਕਿ ਗੁਰਬਾਣੀ ਪੜ੍ਹਣ ਵਿੱਚ ਮਨ ਨਹੀਂ ਲੱਗਦਾ। ਜਦੋਂ ਵੀ ਪਾਠ ਕਰੀਏ, ਉਹ ਗੱਲਾਂ ਵੀ ਯਾਦ ਆ ਜਾਂਦੀਆਂ ਹਨ ਜੋ ਆਮ ਤੌਰ ਤੇ ਵਿਸਰੀਆਂ ਹੁੰਦੀਆਂ ਹਨ।

ਪਰ ਅਖਬਾਰ ਪੜ੍ਹਣ ਲੱਗਿਆਂ ਅਜਿਹੀ ਕੋਈ ਗੱਲ ਨਹੀਂ ਹੁੰਦੀਂ, ਪੂਰਾ ਮਨ ਲਗਾ ਕੇ ਅਖਬਾਰ ਪੜ੍ਹੀਦੀ ਹੈ। ਅਜਿਹਾ ਕਿਉਂ?

ਦਰਅਸਲ ਅਖਬਾਰ ਪੜ੍ਹਦਿਆਂ ਸਾਡਾ ਮਨ ਕੇਵਲ ਪੜ੍ਹਨ ਜਾਂ ਲੈਅ ਵੱਲ ਨਹੀਂ ਹੁੰਦਾ। ਸਗੋਂ ਸਾਡਾ ਧਿਆਨ ਹੁੰਦਾ ਹੈ ਕਿ ਕੀ ਖਬਰ ਹੈ ? ਕੀ ਨਵਾਂ ਵਾਪਰਿਆ ਹੈ ?

ਪਾਠ ਕਰਦਿਆਂ ਵੀ ਅਜਿਹੀ ਸੋਚ ਬਣੇ ਕਿ ਅੱਜ ਮੈਂ ਪਾਠ ਵਿੱਚੋਂ ਨਵੀਂ ਗੱਲ ਲੱਭਣੀ ਹੈ - ਮੇਰੇ ਜੀਵਨ ਲਈ ਗੁਰੂ ਜੀ ਦਾ ਕੀ ਸੁਨੇਹਾ ਹੈ ? ਕੀ ਖਬਰ ਹੈ ? ਮੇਰੀਆਂ ਸਮੱਸਿਆਵਾਂ ਲਈ ਗੁਰੂ ਜੀ ਕੀ ਗੱਲ ਦੱਸ ਰਹੇ ਹਨ ? ਮੇਰੇ ਵਿੱਚ ਕੀ-ਕੀ ਕਮਜ਼ੋਰੀਆਂ ਹਨ ? ਮੈਂ ਇਹਨਾਂ ਕਮਜ਼ੋਰੀਆਂ ਨੂੰ ਕਿਵੇਂ ਦੂਰ ਕਰ ਸਕਦਾ ਹਾਂ ?

**ਇੰਝ ਗੁਰਬਾਣੀ ਵਿੱਚ ਮਨ ਵੀ ਜੁੜੇਗਾ ਅਤੇ ਜੀਵਨ ਵਿੱਚ ਹਰਿਆਲੀ ਵੀ ਭਰ ਆਵੇਗੀ। ਸਦਾ ਵਿਗਾਸ ਬਣ ਜਾਵੇਗਾ।**





# ੧੯

ਇੱਕ ਮਨ ਰਹਿਰਾਸ ਨਾਲ

## ਡਰ ਤੇ ਚਿੰਤਾ ਦੂਰ

ਡਰ ਮਨੁੱਖ ਨੂੰ ਸਭ ਤੋਂ ਵੱਧ ਲੱਗਦਾ ਹੈ, ਪੋਂਹਦਾ ਹੈ, ਸਤਾਉਂਦਾ ਹੈ......ਕਾਹਦਾ ਡਰ ?

ਨੁਕਸਾਨ ਦਾ ... ਅਨਹੋਂਣੀ ਦਾ... ਇੱਜਤ ਦਾ ਤੇ ਕਿੰਨੇ ਹੀ ...

ਪਰ ਰਹਰਾਸਿ ਦਾ ਪਾਠ ਕਰਦਿਆਂ ਕਰਦਿਆਂ ਅਕਸਰ ਮਨ ਵਿੱਚ ਵਿਚਾਰ ਉੱਠਦੇ ਹਨ ਕਿ ਮਨੁੱਖ ਨਿਡਰ ਬਣ ਸਕਦਾ ਹੈ। ਬਾਰੰਬਾਰ ਮਨ ਇਸ ਫੁਰਮਾਨ ਤੇ ਰੁਕ ਜਾਂਦਾ ਹੈ ...

**ਜਿਨ ਨਿਰਭਉ  ਜਿਨ ਹਰਿ ਨਿਰਭਉ ਧਿਆਇਆ ਜੀ**
**ਤਿਨ ਕਾ  ਭਉ ਸਭੁ ਗਵਾਸੀ॥**

ਇਸ ਫੁਰਮਾਨ ਨੂੰ ਇੰਝ ਹੀ ਰੁਕ ਰੁਕ ਕੇ ਪੜ੍ਹਨਾ ਚਾਹੀਦਾ ਹੈ।ਭਾਵ ਜਿਹਨਾਂ ਨੇ ਨਿਰਭਉ (ਡਰ ਤੋਂ ਰਹਿਤ) ਪਰਮਾਤਮਾ ਨੂੰ ਚਿਤਵਿਆ ਹੈ, ਸਿਮਰਿਆ ਹੈ, ਉਹਨਾ ਦੇ ਸਾਰੇ ਤੇ ਸਾਰੀ ਤਰ੍ਹਾਂ ਦੇ ਡਰ ਦੂਰ ਹੋ ਜਾਂਦੇ ਹਨ।

ਏਨਾ ਹੀ ਨਹੀਂ ਸੋ ਦਰੁ ਦੇ ਪੰਜ ਸ਼ਬਦਾਂ ਦੇ ਸੰਗ੍ਰਹਿ ਵਿੱਚ ਅਖੀਰਲਾ ਸ਼ਬਦ ਤਾਂ ਕਮਾਲ ਹੀ ਹੈ, ਕਮਾਲ ਹੈ। ਸਤਵੀਂ-ਅੱਠਵੀਂ ਪੜ੍ਹਦਿਆਂ ਕਿਸੇ ਪਿਆਰੇ ਨੇ ਮੈਨੂੰ ਇਸ ਦੇ ਅਰਥ ਸਮਝਾਏ ਸਨ ਤੇ ਅੱਜ ਵੀ ਪਾਠ ਕਰਦਿਆਂ ਇਹ ਸ਼ਬਦ ਆਂਦਾ ਹੈ ਤਾਂ ਮਨ ਇੱਕ ਦਮ ਜੁੜ ਜਾਂਦਾ ਹੈ। ਆਪੇ ਹੀ ਵਿੱਚਾਰ ਉੱਠਣੇ ਆਰੰਭ ਹੋ ਜਾਂਦੇ ਹਨ।

ਕਿਉਂ? ਐ ਮਨ! ਤੂੰ ਚਿੰਤਾ ਕਰਦਾ ਹੈਂ

ਜਿਸ ਕੰਮ ਵਿੱਚ ਪ੍ਰਭੂ ਆਪ ਹੈ।
ਉਹ ਪੱਥਰਾਂ ਵਿੱਚ ਵਸਦੇ ਜੀਵ ਨੂੰ ਵੀ ਰੋਟੀ (ਰਿਜਕ)ਪਹੁੰਚਾਦਾ ਹੈ।
(ਫਿਰ ਤੂੰ ਕਿਉਂ ਘਬਰਾਂਦਾ ਹੈ)

ਓ! ਮੇਰੇ ਪਰਮਾਤਮਾ (ਮਾਧਉ!) ਜੀ,3
ਜਿਸ ਨੂੰ ਵੀ ਸਤਿਸੰਗਤ ਮਿਲ ਗਈ,
ਉਹ ਤਰ ਗਿਆ, ਪਾਰ ਹੋ ਗਿਆ
ਕਿਉਂਕਿ ਗੁਰੂ ਦੀ ਕਿਰਪਾ ਨਾਲ ਉਸ ਨੂੰ
ਪਰਮ ਪਦਵੀ ਪਰਾਪਤ ਹੋ ਜਾਂਦੀ ਹੈ
ਤੇ ਮਾਨੋ ਇੰਝ ਹੁੰਦਾ ਜਿਵੇਂ
ਕੋਈ ਸੁੱਕੀ ਲੱਕੜ ਹਰੀ ਹੋ ਗਈ ਹੋਵੇ॥ ਰਹਾਉ॥

ਯਾਦ ਰੱਖੀਏ ਮਾਤਾ, ਪਿਤਾ, ਲੋਕ, ਪੁੱਤਰ ਤੇ ਵਾਹੁਟੀ
ਕੋਈ ਵੀ ਕਿਸੇ ਦਾ ਸਹਾਰਾ ਨਹੀਂ ਹਨ।
ਪ੍ਰਭੂ ਆਪ ਹਰੇਕ ਸਿਰ ਤੇ ਰੋਟੀ (ਰਿਜਕ)
ਅਪੜਾਂਦਾ ਹੈ ਤੂੰ ਕਿਉਂ ਡਰਦਾ ਹੈਂ, ਘਬਰਾਂਦਾ ਹੈ।

ਵੇਖੀਏ, ਪੰਛੀ ਸੈਂਕੜੇ ਕੋਹਾਂ ਤੋਂ ਉਡ ਉਡ ਕੇ ਆਏ ਹਨ।
ਪਰ ਆਪਣੇ ਨਿਕੜੇ ਨਿਕੜੇ ਬੱਚੇ ਪਿੱਛੇ ਹੀ ਛੱਡ ਆਏ ਹਨ।
ਉਹਨਾਂ ਨੂੰ ਕੌਣ ਖਵਾਂਦਾ ਹੈ, ਚੋਗੇ ਚੁਗਾਂਦਾ ਹੈ।
ਬਸ ਪ੍ਰਭੂ ਦਾ ਸਿਮਰਨ ਹੀ, ਉਹਨਾਂ ਦਾ ਸਹਾਰਾ ਹੁੰਦਾ ਹੈ।
ਸਾਰੇ ਖਜ਼ਾਨੇ ਤੇ 18 ਸਿਧੀਆਂ ਪ੍ਰਭੂ ਸਾਨੂੰ ਹੱਥ ਦੀ ਤਲੀ ਤੇ ਰੱਖ ਦਿੰਦਾ ਹੈ।
ਨਾਨਕ ਬੇਨਤੀ ਕਰਦਾ ਹੈ ਕਿ ਮੈਂ ਉਸ ਪ੍ਰਭੂ ਤੋਂ ਬਲਿਹਾਰੇ, ਬਲਿਹਾਰੇ,





ਸਦਾ ਸਦਾ ਬਲਿਹਾਰੇ ਜਾਂਦਾ ਹਾਂ।

ਆਨੰਦ ਤੇ ਟਿਕਾਅ ਆ ਜਾਂਦਾ ਹੈ, ਇਹ ਸ਼ਬਦ ਪੜ੍ਹ ਕੇ। ਜਿਵੇਂ ਜਿਵੇਂ ਮੂੰਹ ਇਹ ਸ਼ਬਦ ਪੜ੍ਹਦਾ ਹੈ, ਮਨ ਵਿੱਚ ਅਰਥ ਚਲਦੇ ਹਨ। ਫਿਰ ਰੋਜ਼-ਰੋਜ਼ ਦੀ ਚਿੰਤਾ ਦੀਆਂ ਧੂੜਾਂ ਦੂਰ ਹੋ ਜਾਂਦੀਆਂ ਹਨ।

ਸਚਮੁੱਚ ਇੱਕ ਮਨ ਨਾਲ ਕੀਤੀ ਰਹਰਾਸਿ ਨਾਲ ਡਰ ਤੇ ਚਿੰਤਾਵਾਂ ਦੂਰ ਹੋ ਜਾਂਦੀਆਂ ਹਨ।

# ੨੦

## ਜੋਦੜੀ – ਲੇਖਕ ਵੱਲੋਂ

ਨੌਜਵਾਨ ਵਿਦਿਆਰਥੀ ਸਾਡੀ ਕੌਮ ਅਤੇ ਸਮਾਜ ਦਾ ਸਰਮਾਇਆ ਹਨ। ਬਾਣੀ '**ਰਹਰਾਸਿ**' ਸਾਨੂੰ ਇਸ ਸੰਸਾਰ ਵਿੱਚ ਆਉਣ ਦਾ ਅਸਲੀ ਮੰਤਵ ਦ੍ਰਿੜ ਕਰਵਾਉਂਦੀ ਹੈ। ਜੇਕਰ ਅਸੀਂ ਹਰ ਰੋਜ਼ ਇਹ ਬਾਣੀ ਪੜ੍ਹਾਂਗੇ, ਵੀਚਾਰਾਂਗੇ ਅਤੇ ਜੀਵਨ ਵਿੱਚ ਢਾਲਣ ਦਾ ਯਤਨ ਕਰਾਂਗੇ ਤਾਂ ਇਹ ਸੰਸਾਰ ਰੂਪੀ ਅਥਾਹ ਸਮੁੰਦਰ ਤਰਨਾ ਸਹਿਜੇ ਹੀ ਸੁਹੇਲਾ ਹੋ ਜਾਏਗਾ।

**ਪੰਥ ਰਤਨ ਭਾਈ ਸਾਹਿਬ ਭਾਈ ਜਸਬੀਰ ਸਿੰਘ ਜੀ ਖਾਲਸਾ (ਖੰਨੇ ਵਾਲਿਆਂ)** ਦੀ ਅਸੀਸ ਸਦਕਾ ਆਰੰਭੇ '**ਸੁਕ੍ਰਿਤ ਟਰੱਸਟ**' ਵੱਲੋਂ ਗੁਰੂ ਗ੍ਰੰਥ ਸਾਹਿਬ ਜੀ ਦੇ 300 ਸਾਲਾ ਗੁਰਤਾਗੱਦੀ ਪੁਰਬ ਨੂੰ ਸਮਰਪਿਤ ਆਰੰਭੀ ਲਹਿਰ '**ਸ਼ਤਾਬਦੀ ਗੁਰਬਾਣੀ ਵੀਚਾਰ ਮੁਹਿੰਮ**' ਤਹਿਤ ਕਰਵਾਏ ਜਾ ਰਹੇ '**ਗੁਰਬਾਣੀ ਵੀਚਾਰ**' ਮੁਕਾਬਲੇ ਵਿੱਚ ਹਿੱਸਾ ਲੈ ਰਹੇ ਵਿਦਿਆਰਥੀਆਂ ਦੀ ਲੋੜ ਨੂੰ ਮੁੱਖ ਰੱਖਦੇ ਹੋਏ ਸੌਖੇ ਤਰੀਕੇ ਨਾਲ ਅਰਥ ਵੀਚਾਰ ਕਰਨ ਲਈ ਇਹ ਪੁਸਤਕ ਪ੍ਰਕਾਸ਼ਿਤ ਕੀਤੀ ਗਈ ਹੈ। ਕਿਰਪਾ ਕਰਕੇ ਆਪਣੇ ਵਡਮੁੱਲੇ ਵੀਚਾਰ ਦੇਣਾ ਜੀ ਤਾਂ ਜੋ ਅਗਲੇਰੇ ਐਡੀਸ਼ਨਾਂ ਵਿੱਚ ਹੋਰ ਸੁਧਾਰ ਕੀਤਾ ਜਾ ਸਕੇ।

ਦ੍ਰਿੜ ਵਿਸ਼ਵਾਸ ਹੈ ਕਿ ਬਾਣੀ ਨੂੰ ਗਹੁ ਨਾਲ ਵੀਚਾਰ ਕਰਨ ਵਾਲੇ ਕਦੇ ਵੀ ਡੋਲਣਗੇ ਨਹੀਂ, ਅੱਕਣਗੇ ਨਹੀਂ, ਥੱਕਣਗੇ ਨਹੀਂ। ਬਾਣੀ ਸਾਡੇ ਅੰਦਰ ਆਤਮਿਕ ਬਲ ਪੈਦਾ ਕਰੇਗੀ ਅਤੇ ਹਰ ਮਾਰਗ ਤੇ, ਹਰ ਪੰਧ ਤੇ, ਪਥ ਰੁਸ਼ਨਾਏਗੀ।

**– ਰੇਣੁਕਾ ਸਰਬਜੀਤ ਸਿੰਘ**